# ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ

# ਸੁਦੇਸ਼ੀ ਜ਼ਮੀਨ ਦੀ ਮਾਨਤਾ

ਅਸੀਂ ਸਤਿਕਾਰ ਅਤੇ ਸ਼ੁਕਰਗੁਜ਼ਾਰੀ ਨਾਲ ਸਵੀਕਾਰ ਕਰਦੇ ਹਾਂ ਕਿ ਇਹ ਵਚਨਬੱਧਤਾ ਲੇਕਵੁਜਨ ਲੋਕਾਂ, ਸੋਂਗਹੀਸ ਅਤੇ ਐਸਕੁਇਮਲਟ (ਐਕਸਵੇਪਸਮ) ਰਾਸ਼ਟਰਾਂ ਦੇ ਖੇਤਰ 'ਤੇ ਕੀਤੀ ਗਈ ਸੀ। ਅਸੀਂ ਨਿਮਰਤਾ ਨਾਲ ਕਈ ਰਾਸ਼ਟਰਾਂ, ਜਿਨ੍ਹਾਂ ਦਾ ਅੱਜ ਵੀ ਇਸ ਧਰਤੀ ਨਾਲ ਡੂੰਘਾ ਸੰਬੰਧ ਜਾਰੀ ਹੈ, ਦੀਆਂ ਜ਼ਮੀਨਾਂ 'ਤੇ ਬੀ.ਸੀ. ਪਾਰਕਸ ਸਾਈਟਾਂ ਦੀ ਮੌਜੂਦਗੀ ਨੂੰ ਵੀ ਸਵੀਕਾਰ ਕਰਦੇ ਹਾਂ।

# ਵਿਸ਼ਾ-ਸੂਚੀ


1. ਮੰਤਰੀ ਜਾਰਜ ਹੇਮੈਨ (George Heyman) ਵੱਲੋਂ ਮੰਤਰੀ ਦਾ ਸੁਨੇਹਾ 3
2. ਸੰਸਦੀ ਸਕੱਤਰ ਅਮਨ ਸਿੰਘ ਵੱਲੋਂ ਇੱਕ ਸੁਨੇਹਾ 3
3. ਸੰਸਦੀ ਸਕੱਤਰ ਕੈਲੀ ਗ੍ਰੀਨ ਵੱਲੋਂ ਇੱਕ ਸੁਨੇਹਾ
4
4. ਅੱਜ ਬੀ.ਸੀ. ਪਾਰਕਸ 5
5. ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ 7
6. ਸਾਡੀ ਦੂਰ-ਦ੍ਰਿਸ਼ਟੀ: ਬੀ.ਸੀ. ਦੇ ਸੂਬਾਈ ਪਾਰਕ ਤੁਹਾਨੂੰ ਸਾਰਿਆਂ ਨੂੰ ਜੀ ਆਇਆਂ ਕਹਿ ਰਹੇ ਹਨ 11
   ਸਮਾਵੇਸ਼ੀ ਅਤੇ ਵਿਵਿਧ ਭਾਸ਼ਾਈ ਅਤੇ ਸੱਭਿਆਚਾਰਕ ਸੰਬੰਧ ........ 11
   ਵਿਵਿਧ ਭਾਈਚਾਰਕ ਸੰਸਥਾਵਾਂ ਨਾਲ ਭਾਈਵਾਲੀ ........ 12
   ਬੀ.ਸੀ. ਪਾਰਕਸ ਵਿੱਚ ਸੰਮਿਲਨ ਵਾਲੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ........ 13
7. ਸਾਡੀ ਦੂਰ-ਦ੍ਰਿਸ਼ਟੀ: ਬੀ.ਸੀ. ਦੇ ਸੂਬਾਈ ਪਾਰਕ ਅਰਥਪੂਰਨ ਤੌਰ 'ਤੇ ਸਾਰਿਆਂ ਲਈ ਪਹੁੰਚਯੋਗ ਹਨ 14
   ਪਹੁੰਚਯੋਗ ਸਹੂਲਤਾਂ ........ 14
   ਡਿਜੀਟਲ ਸੇਵਾਵਾਂ ਲਈ ਵਰਤੋਂਕਾਰ-ਕੇਂਦਰਿਤ ਡਿਜ਼ਾਈਨ ........ 16
   ਪਹੁੰਚਯੋਗਤਾ ਲਈ ਭਾਈਵਾਲੀਆਂ ........ 17
   ਬੀ.ਸੀ. ਪਾਰਕਸ ਵਿੱਚ ਜਾਣ ਲਈ ਵਿੱਤੀ ਸਹਾਇਤਾ ........ 18
8. ਕਹਾਣੀ ਸੁਣਾਉਣ ਰਾਹੀਂ ਸਾਡੀ ਪ੍ਰਗਤੀ ਨੂੰ ਸਾਂਝਾ ਕਰਨਾ 19
9. ਸਾਰਾਂਸ਼ 19

# ਮੰਤਰੀ ਜਾਰਜ ਹੇਮੈਨ (George Heyman) ਵੱਲੋਂ ਮੰਤਰੀ ਦਾ ਸੁਨੇਹਾ

ਬੀ.ਸੀ. ਦੇ ਸੂਬਾਈ ਪਾਰਕ ਅਤੇ ਸੁਰੱਖਿਅਤ ਖੇਤਰ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਹਨ। ਉਹ ਅਜਿਹੇ ਖੇਤਰ ਹਨ ਜਿੱਥੇ ਈਕੋਸਿਸਟਮ ਦੇ ਮਹੱਤਵਪੂਰਨ ਗੁਣਾਂ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ। ਉਹ ਕੁਦਰਤੀ ਦੁਨੀਆਂ ਨਾਲ ਜੁੜਾਵ ਪੇਸ਼ ਕਰਦੇ ਹਨ। ਉਹ ਮੂਲਵਾਸੀ ਲੋਕਾਂ ਦੇ ਸਭਿਆਚਾਰਾਂ, ਪਰੰਪਰਾਵਾਂ ਅਤੇ ਅਧਿਆਤਮਿਕਤਾ ਨਾਲ ਭਰਪੂਰ ਇਤਿਹਾਸ ਵਾਲੀਆਂ ਥਾਵਾਂ ਹਨ। ਉਹ ਦੋਸਤਾਂ, ਪਰਿਵਾਰਾਂ ਅਤੇ ਭਾਈਚਾਰਿਆਂ ਦੀ ਨੇੜਤਾ ਨੂੰ ਵੀ ਵਧਾਉਂਦੇ ਹਨ। ਉਹ ਅਜਿਹੀਆਂ ਥਾਵਾਂ ਹਨ ਜਿੱਥੇ ਹਰ ਕੋਈ ਆਪਣੇ ਅਸਲ ਰੂਪ ਵਿੱਚ ਹੋਣ ਦੇ ਯੋਗ ਹੋਣਾ ਚਾਹੀਦਾ ਹੈ।

ਸਾਡਾ ਸੂਬਾ ਇਸ ਥਾਂ 'ਤੇ ਰਹਿਣ ਵਾਲੇ ਅਤੇ ਇਸਦੀ ਦੇਖਰੇਖ ਕਰਨ ਵਾਲੇ ਲੋਕਾਂ ਦੀ ਵਿਵਿਧਤਾ ਦੇ ਕਾਰਨ ਮਜ਼ਬੂਤ ਹੈ। ਇਹ ਮਹੱਤਵਪੂਰਨ ਹੈ ਕਿ ਸੂਬਾਈ ਪਾਰਕ ਪ੍ਰਣਾਲੀ ਇਸ ਵਿਵਿਧਤਾ ਨੂੰ ਦਰਸਾਏ।

ਬੀ.ਸੀ. ਪਾਰਕਸ ਲਈ, ਸੰਮਿਲਨ ਦਾ ਮਤਲਬ ਹੈ ਕਿ ਅਸੀਂ ਹਰੇਕ ਸੰਭਾਵੀ ਵਿਜ਼ਿਟਰ ਦੀਆਂ ਲੋੜਾਂ 'ਤੇ ਵਿਚਾਰ ਕਰਦੇ ਹਾਂ ਅਤੇ ਪਾਰਕਾਂ ਵਿੱਚ ਆਉਣ ਵਾਲੇ ਜਾਂ ਕੰਮ ਕਰਨ ਵਾਲੇ ਹਰੇਕ ਵਿਅਕਤੀ ਦਾ ਸਤਿਕਾਰਤ, ਮਹੱਤਵਪੂਰਨ, ਰੁਝਿਆ ਅਤੇ ਸਾਰੀਆਂ ਸੈਟਿੰਗਾਂ – ਕੁਦਰਤੀ ਸਥਾਨਾਂ ਤੋਂ ਡਿਜੀਟਲ ਸਥਾਨਾਂ ਤੱਕ, ਪਾਰਕ ਸਹੂਲਤਾਂ ਤੋਂ ਪ੍ਰੋਗਰਾਮਾਂ ਤੱਕ – ਨਾਲ ਜੁੜਿਆ ਮਹਿਸੂਸ ਕਰਨ ਵਿੱਚ ਸਹਾਇਤਾ ਕਰਦੇ ਹਾਂ। ਸੰਮਿਲਨ ਦਾ ਇਹ ਵੀ ਮਤਲਬ ਹੈ ਕਿ ਅਸੀਂ BC ਪਾਰਕਸ ਦੀਆਂ ਸਹੂਲਤਾਂ, ਬੁਨਿਆਦੀ ਢਾਂਚੇ ਅਤੇ ਜਾਣਕਾਰੀ ਨੂੰ ਲੋਕਾਂ ਲਈ ਅਰਥਪੂਰਨ ਢੰਗ ਨਾਲ ਪਹੁੰਚਯੋਗ ਬਣਾਉਣਾ ਜਾਰੀ ਰੱਖਦੇ ਹਾਂ ਭਾਵੇਂ ਉਨ੍ਹਾਂ ਦੀਆਂ ਕੋਈ ਵੀ ਵਿਸ਼ੇਸ਼ ਯੋਗਤਾਵਾਂ ਹੋਣ।

ਜਿਸ ਦੌਰਾਨ ਅਸੀਂ ਇਸ ਮਹੱਤਵਪੂਰਨ ਕੰਮ ਨੂੰ ਸ਼ੁਰੂ ਕਰਦੇ ਹਾਂ ਅਤੇ ਜਾਰੀ ਰੱਖਦੇ ਹਾਂ, ਅਸੀਂ ਬੀ.ਸੀ. ਦੇ ਵਿਆਪਕ ਪਹੁੰਚਯੋਗਤਾ ਵਿਧਾਨ ਰਾਹੀਂ ਮਾਰਗਦਰਸ਼ਨ ਲੈਂਦੇ ਹਾਂ। ਅਸੀਂ ਆਪਣੇ ਵਿਆਪਕ ਸੰਦਰਭ ਅਤੇ ਤਰਜੀਹਾਂ ਬਾਰੇ ਵੀ ਸੁਚੇਤ ਰਹਿੰਦੇ ਹਾਂ - ਅਤੇ ਉਨ੍ਹਾਂ ਦੇ ਅਨੁਕੂਲ ਬਣਦੇ ਹਾਂ: ਸਭ ਤੋਂ ਪਹਿਲਾਂ ਮੂਲਵਾਸੀ ਲੋਕਾਂ, ਅਤੇ ਨਾਲ ਹੀ ਬਦਲਦੀ ਜਲਵਾਯੂ, ਸਾਡੀ ਬੁੱਢੀ ਹੋ ਰਹੀ ਆਬਾਦੀ, ਅਤੇ ਸੰਮਿਲਨ ਦੇ ਅਧਿਕਾਰ ਬਾਰੇ ਇੱਕ ਪ੍ਰਗਤੀਸ਼ੀਲ ਸਮਾਜਿਕ ਚੇਤਨਾ ਦੇ ਅਨੁਕੂਲ ਬਣਨਾ।

ਅਸੀਂ 'ਫਸਟ ਨੇਸ਼ਨਜ਼ ਪੀਪਲਜ਼' ਦੇ ਉਸ ਧਰਤੀ ਨਾਲ ਡੂੰਘੇ ਸੰਬੰਧ ਨੂੰ ਸਵੀਕਾਰ ਕਰਦੇ ਹਾਂ ਜਿੱਥੇ ਉਹ ਹਜ਼ਾਰਾਂ ਸਾਲਾਂ ਤੋਂ ਰਹਿ ਰਹੇ ਹਨ ਅਤੇ ਜਿੱਥੇ ਅਸੀਂ ਹਾਲ ਹੀ ਵਿੱਚ ਪਹੁੰਚੇ ਹਾਂ। ਬੀ.ਸੀ. ਪਾਰਕਸ ਦੇ ਸੰਦਰਭ ਵਿੱਚ ਅਨੁਕੂਲ ਬਣਨ ਦੀ ਮਹੱਤਤਾ ਦਾ ਪੂਰਾ ਸਤਿਕਾਰ ਕਰਨ ਲਈ ਸਾਡੇ ਕੋਲ ਇੱਕ ਵੱਖਰੀ ਅਤੇ ਵਿਲੱਖਣ ਵਚਨਬੱਧਤਾ ਚੱਲ ਰਹੀ ਹੈ – ਜਿਸ ਬਾਰੇ ਤੁਸੀਂ ਬੀ.ਸੀ ਪਾਰਕਸ ਦੀ ਵੈੱਬਸਾਈਟ (bcparks.ca/reconciliation) 'ਤੇ ਜਾਣ ਸਕਦੇ ਹੋ।

ਜਿਵੇਂ-ਜਿਵੇਂ ਜ਼ਿਆਦਾ ਲੋਕ ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਆਉਂਦੇ ਹਨ, ਅਸੀਂ ਇਹ ਪੱਕਾ ਕਰਨ ਲਈ ਕਾਰਵਾਈ ਕਰ ਰਹੇ ਹਾਂ ਕਿ ਹਰ ਕੋਈ ਸੁਆਗਤ ਕੀਤਾ ਗਿਆ ਮਹਿਸੂਸ ਕਰੇ — ਅਤੇ ਹਰ ਕਿਸੇ ਦਾ ਸੁਆਗਤ ਕੀਤਾ ਜਾਵੇ, ਅਤੇ ਅਸੀਂ ਕੁਦਰਤੀ ਸਥਾਨਾਂ ਦੀ ਸੁੰਦਰਤਾ ਅਤੇ ਸ਼ਾਂਤੀ ਨਾਲ ਸੰਬੰਧਤ ਹੋਣ ਅਤੇ ਸੰਬੰਧ ਦੀ ਸੱਚੀ ਭਾਵਨਾ ਵਿੱਚ ਆਉਣ ਵਾਲੀਆਂ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਦੇ ਹਾਂ

ਜਾਰਜ ਹੇਮਨ,
ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਰਣਨੀਤੀ ਮੰਤਰੀ

# ਸੰਸਦੀ ਸਕੱਤਰ ਅਮਨ ਸਿੰਘ ਵੱਲੋਂ ਇੱਕ ਸੁਨੇਹਾ

ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ

ਸੂਬਾਈ ਪਾਰਕਾਂ ਨੂੰ ਉਹਨਾਂ ਲੋਕਾਂ ਦੁਆਰਾ ਨਿਵਾਜਿਆ ਜਾਂਦਾ ਹੈ ਜੋ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿੰਦੇ ਹਨ ਅਤੇ ਆਉਂਦੇ ਹਨ। ਵਾਤਾਵਰਣ ਲਈ ਨਵੇਂ ਸੰਸਦੀ ਸਕੱਤਰ, ਅਤੇ ਇਹਨਾਂ ਸੁਰੱਖਿਅਤ ਖੇਤਰਾਂ ਦੇ ਨਿਯਮਿਤ ਵਿਜ਼ਿਟਰ ਹੋਣ ਦੇ ਨਾਤੇ, ਮੈਨੂੰ ਜੰਗਲ ਦੀਆਂ ਪਗਡੰਡੀਆਂ ਦੀ ਪੜਚੋਲ ਕਰਨਾ ਅਤੇ ਉਹਨਾਂ ਦੁਆਰਾ ਪੇਸ਼ ਕੀਤੇ ਜਾਣ ਵਾਲੇ ਸਭ ਕੁਝ -- ਪੱਤਿਆਂ ਵਿੱਚਲੀ ਹਵਾ, ਪੈਰਾਂ ਹੇਠਲੀ ਸਿੱਲੀ ਧਰਤੀ, ਕੰਢੇ 'ਤੇ ਉੱਠ ਰਹੀਆਂ ਲਹਿਰਾਂ, ਦਾ ਅਨੁਭਵ ਲੈਣਾ ਪਸੰਦ ਹੈ । ਇਹ ਪਲ ਸਾਨੂੰ ਰੋਜ਼ਾਨਾ ਜ਼ਿੰਦਗੀ ਦੇ ਭੀੜ-ਭੜੱਕੇ ਤੋਂ ਬਾਹਰ ਲਿਜਾਉਂਦੇ ਹਨ ਅਤੇ ਸ਼ਾਂਤੀ ਦੇ ਅਹਿਸਾਸ ਵਿੱਚ ਕੇਂਦਰਿਤ ਕਰਦੇ ਹਨ।

ਸਮਰੱਥਾ ਜਾਂ ਪਛਾਣ ਦੇ ਸੰਦਰਭ ਦੇ ਬਿਨਾਂ, ਹਰ ਕਿਸੇ ਨੂੰ ਪਾਰਕਾਂ ਤੱਕ ਪਹੁੰਚ ਕਰਨ ਅਤੇ ਇਨ੍ਹਾਂ ਦਾ ਆਨੰਦ ਲੈਣ ਲਈ ਉਤਸ਼ਾਹਿਤ ਅਤੇ ਸਮਰਥਿਤ ਕੀਤਾ ਗਿਆ ਮਹਿਸੂਸ ਕਰਨਾ ਚਾਹੀਦਾ ਹੈ। ਇਹ ਇਸ ਦਸਤਾਵੇਜ਼ ਵਿੱਚ ਦਰਸਾਈ ਗਈ ਸੰਮਿਲਨ ਦੀ ਵਚਨਬੱਧਤਾ ਦੀ ਇੱਕ ਮੁੱਖ ਬੁਨਿਆਦ ਹੈ।

ਇਸ ਵਚਨਬੱਧਤਾ ਦੇ ਵਿਕਾਸ ਵਿਚ ਕੈਲੀ ਗ੍ਰੀਨ - ਜੋ ਪਹਿਲਾਂ, ਵਾਤਾਵਰਣ ਲਈ ਸੰਸਦੀ ਸਕੱਤਰ ਸਨ, ਅਤੇ ਹੁਣ ਮੱਛੀ ਪਾਲਣ ਅਤੇ ਐਕੁਆਕਲਚਰ ਲਈ ਸੰਸਦੀ ਸਕੱਤਰ ਹਨ - ਨੇ ਬਹੁਤ ਯੋਗਦਾਨ ਪਾਇਆ ਹੈ। ਮੈਂ ਬੀ.ਸੀ. ਪਾਰਕਸ ਵਿੱਚ ਪਹੁੰਚਯੋਗਤਾ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਦੇ ਯਤਨਾਂ ਅਤੇ ਸਮਰਪਣ ਲਈ ਉਨ੍ਹਾਂ ਦਾ ਧੰਨਵਾਦ ਕਰਨਾ ਚਾਹਾਂਗਾ।

ਵਧੇਰੇ ਸੰਮਿਲਨ ਅਤੇ ਵਧੀ ਹੋਈ ਪਹੁੰਚਯੋਗਤਾ ਪ੍ਰਤੀ ਇਸ ਵਚਨਬੱਧਤਾ ਦੇ ਵਿਕਾਸ ਲਈ ਵਿਭਿੰਨ ਭਾਈਚਾਰਕ ਸੰਸਥਾਵਾਂ ਤੋਂ ਇਕੱਤਰ ਕੀਤੀ ਸੂਝ ਮਹੱਤਵਪੂਰਨ ਸੀ। ਇਨ੍ਹਾਂ ਅਤੇ ਭਵਿੱਖ ਵਿੱਚ ਹੋਰ ਬਹੁਤ ਸਾਰੇ ਭਾਈਵਾਲਾਂ ਨਾਲ ਕੰਮ ਕਰਦੇ ਹੋਏ, ਬੀ.ਸੀ. ਪਾਰਕਸ ਅਜਿਹੇ ਸਥਾਨ ਬਣਾਉਣ ਦੀ ਕੋਸ਼ਿਸ਼ ਕਰੇਗਾ ਜੋ ਸਾਰਿਆਂ ਲਈ ਸਵਾਗਤਯੋਗ ਅਤੇ ਅਰਥਪੂਰਨ ਰੂਪ ਵਿੱਚ ਪਹੁੰਚਯੋਗ ਹੋਣ।

ਅਮਨ ਸਿੰਘ
ਵਾਤਾਵਰਣ ਲਈ ਸੰਸਦੀ ਸਕੱਤਰ

# ਸੰਸਦੀ ਸਕੱਤਰ ਕੈਲੀ ਗ੍ਰੀਨ ਵੱਲੋਂ ਇੱਕ ਸੁਨੇਹਾ

ਪਿਛਲੇ ਸਾਲ, ਮੈਨੂੰ ਵਿਭਿੰਨ ਭਾਈਚਾਰਕ ਸੰਸਥਾਵਾਂ ਨੂੰ ਸੁਣਨ ਅਤੇ ਉਨ੍ਹਾਂ ਨੂੰ ਜਾਣਨ ਦਾ ਮੌਕਾ ਮਿਲਿਆ ਕਿ ਉਨ੍ਹਾਂ ਦੇ ਮੈਂਬਰ ਸੂਬਾਈ ਪਾਰਕਾਂ ਦੀ ਵਰਤੋਂ ਕਿਵੇਂ ਕਰਦੇ ਹਨ। ਇਨ੍ਹਾਂ ਸਮੂਹਾਂ ਨੇ ਬੀ.ਸੀ. ਪਾਰਕਸ ਤੱਕ ਪਹੁੰਚ ਕਰਨ ਦੇ ਰਸਤੇ ਵਿੱਚ ਆਉਣ ਵਾਲੀਆਂ ਰੁਕਾਵਟਾਂ ਦੀਆਂ ਕਿਸਮਾਂ ਬਾਰੇ ਅਤੇ ਪਾਰਕਾਂ ਨੂੰ ਜ਼ਿਆਦਾ ਸਮਾਵੇਸ਼ੀ ਅਤੇ ਸੁਆਗਤੀ ਕਿਵੇਂ ਬਣਾਇਆ ਜਾ ਸਕਦਾ ਹੈ, ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਮੈਂ ਨਿਮਨਲਿਖਤ ਭਾਗੀਦਾਰਾਂ ਦਾ ਉਨ੍ਹਾਂ ਦੀ ਮੁਹਾਰਤ ਅਤੇ ਜੀਵਿਤ ਤਜ਼ਰਬਿਆਂ ਨੂੰ ਸਾਂਝਾ ਕਰਨ ਦੀ ਇੱਛਾ, ਉਹਨਾਂ ਦੇ ਨਿਰੰਤਰ ਇਨਪੁਟ ਅਤੇ ਇਸ ਸੰਮਿਲਨ ਦੀ ਵਚਨਬੱਧਤਾ ਨੂੰ ਬਣਾਉਣ ਵਿੱਚ ਸਾਡੀ ਮਦਦ ਕਰਨ ਦੇ ਜਨੂੰਨ ਲਈ ਧੰਨਵਾਦ ਕਰਨਾ ਚਾਹਾਂਗੀ:

- BC Aboriginal Network on Disability Society (ਬੀ.ਸੀ. ਐਬਓਰਿਜਿਨਲ ਨੈੱਟਵਰਕ ਔਨ ਡਿਸਏਬਿਲਿਟੀ ਸੋਸਾਇਟੀ)
- Canucks Autism Network (ਕੈਨਕਸ ਔਟਿਜ਼ਮ ਨੈੱਟਵਰਕ)
- Disability Alliance BC (ਡਿਸਏਬਿਲਟੀ ਅਲਾਇੰਸ ਬੀ.ਸੀ.)
- Power to Be (ਪਾਵਰ ਟੂ ਬੀ)
- Qmunity
- Rick Hansen Foundation (ਰਿਕ ਹੈਨਸਨ ਫਾਊਂਡੇਸ਼ਨ)
- SPARC-BC
- Spinal Cord Injury BC (ਸਪਾਈਨਲ ਕੋਰਡ ਇੰਜਰੀ ਬੀ.ਸੀ.)

- S.U.C.C.E.S.S
- Victoria Immigrant and Refugee Centre Society (ਵਿਕਟੋਰੀਆ ਇਮੀਗ੍ਰੈਂਟ ਐਂਡ ਰਫਿਊਜੀ ਸੈਂਟਰ ਸੋਸਾਇਟੀ)

ਕੈਲੀ ਗ੍ਰੀਨ
ਵਾਤਾਵਰਣ ਲਈ ਸੰਸਦੀ ਸਕੱਤਰ

# ਅੱਜ ਬੀ.ਸੀ. ਪਾਰਕਸ

ਬੀ.ਸੀ. ਦੇ ਸੂਬਾਈ ਪਾਰਕ[1] ਮਹੱਤਵਪੂਰਨ, ਸਤਿਕਾਰਯੋਗ ਸਥਾਨ ਹਨ ਅਤੇ ਸਾਡੀ ਸੂਬਾਈ ਪਛਾਣ ਦਾ ਇਕੱਲਾ, ਅਟੱਲ ਹਿੱਸਾ ਹਨ। ਸੰਮਿਲਨ ਲਈ ਸਾਡੀ ਨਵੀਨੀਕ੍ਰਿਤ ਅਤੇ ਵਿਸਤ੍ਰਿਤ ਵਚਨਬੱਧਤਾ ਦੀ ਯਾਤਰਾ ਬ੍ਰਿਟਿਸ਼ ਕੋਲੰਬੀਆ ਦੇ ਬਦਲਦੇ ਸੰਦਰਭ ਵਿੱਚ ਬੀ.ਸੀ. ਪਾਰਕਸ ਦੁਆਰਾ ਨਿਭਾਈ ਜਾਂਦੀ ਅਟੁੱਟ ਅਤੇ ਭਿੰਨ ਭੂਮਿਕਾ ਦੀ ਸਮਝ ਨਾਲ ਸ਼ੁਰੂ ਹੁੰਦੀ ਹੈ।

ਬੀ.ਸੀ. ਪਾਰਕ[2] ਕੈਨੇਡਾ ਵਿੱਚ ਸਭ ਤੋਂ ਵੱਡੀ ਸੂਬਾਈ ਸੁਰੱਖਿਅਤ ਖੇਤਰ ਪ੍ਰਣਾਲੀ ਹੈ। ਇਹ ਬ੍ਰਿਟਿਸ਼ ਕੋਲੰਬੀਆ ਦੀ ਬੇਮਿਸਾਲ ਕੁਦਰਤੀ ਵਿਵਿਧਤਾ ਨੂੰ ਸੂਬੇ ਵਿੱਚ ਹਰ ਭੂਮੀ-ਆਧਾਰਿਤ ਈਕੋਸਿਸਟਮ ਦੀਆਂ ਉਦਾਹਰਨਾਂ ਦੇ ਨਾਲ ਦਰਸਾਉਂਦਾ ਹੈ। ਸੂਬੇ ਦਾ 14 ਫ਼ੀਸਦ ਤੋਂ ਵੱਧ ਹੁਣ ਪਾਰਕਾਂ, ਕੰਸਰਵੇਂਸੀਆਂ, ਈਕੋਲੋਜੀਕਲ ਰਿਜ਼ਰਵਾਂ, ਅਤੇ ਮਨੋਰੰਜਨ ਖੇਤਰਾਂ ਦੁਆਰਾ ਸੁਰੱਖਿਅਤ ਹੈ।[3]

ਜਿਸ ਦੌਰਾਨ ਅਸੀਂ ਸੰਮਿਲਨ ਲਈ ਆਪਣੀ ਵਚਨਬੱਧਤਾ ਨੂੰ ਲਾਗੂ ਕਰਦੇ ਹਾਂ, ਅਸੀਂ ਇਸ ਗੱਲ 'ਤੇ ਧਿਆਨ ਦਿੰਦੇ ਹਾਂ ਕਿ ਵਚਨਬੱਧਤਾ ਇਨ੍ਹਾਂ ਮੌਜੂਦਾ ਫੋਕਸ ਖੇਤਰਾਂ ਨਾਲ ਜੁੜੀ ਹੋਈ, ਸੂਚਿਤ ਅਤੇ ਮਜ਼ਬੂਤ ਹੈ।

## ਸਿਹਤ, ਤੰਦਰੁਸਤੀ, ਅਤੇ ਮਨੋਰੰਜਨ

ਕੁਦਰਤ ਵਿੱਚ ਮੁੜ ਸਿਰਜਣ ਅਤੇ ਕਸਰਤ ਕਰਨ ਵਿੱਚ ਬਿਤਾਇਆ ਗਿਆ ਸਮਾਂ ਇਨ੍ਹਾਂ ਮਾਨਸਿਕ ਅਤੇ ਸਰੀਰਕ ਸਿਹਤ ਸੂਚਕਾਂ ਨੂੰ ਕੁਝ ਹੱਦ ਤਕ ਸੁਧਾਰ ਸਕਦਾ ਹੈ ਜਿਵੇਂ ਕਿ:

- ਸਰੀਰਕ ਤੰਦਰੁਸਤੀ,
- ਤਣਾਅ,
- ਚਿੰਤਾ,
- ਉਦਾਸੀ,
- ਯਾਦ-ਸ਼ਕਤੀ,
- ਫੋਕਸ,
- ਦਿਲ ਦਾ ਕੰਮ,
- ਬਲੱਡ ਪ੍ਰੈਸ਼ਰ,
- ਫੇਫੜਿਆਂ ਦਾ ਕੰਮ, ਅਤੇ

---

[1] *ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ ਦੇ ਤਹਿਤ*, ਬੀ.ਸੀ. ਦੇ ਸੂਬਾਈ ਪਾਰਕ ਸ਼ਬਦ ਸੂਬਾਈ ਪਾਰਕਾਂ, ਕੰਸਰਵੇਂਸੀਆਂ (ਕੁਦਰਤ ਸੰਭਾਲ ਖੇਤਰਾਂ), ਈਕੋਲੋਜੀਕਲ ਰਿਜ਼ਰਵਾਂ (ਵਾਤਾਵਰਣ ਸੰਭਾਲ ਖੇਤਰਾਂ), ਸੁਰੱਖਿਅਤ ਕੀਤੇ ਖੇਤਰਾਂ ਅਤੇ ਮਨੋਰੰਜਨ ਖੇਤਰਾਂ ਦੀ ਪ੍ਰਣਾਲੀ ਨੂੰ ਦਰਸਾਉਂਦਾ ਹੈ ਜਿਸ ਲਈ ਬੀ.ਸੀ. ਪਾਰਕਸ ਜ਼ਿੰਮੇਵਾਰ ਹੈ।

[2] ਬੀ.ਸੀ. ਪਾਰਕਸ ਉਸ ਟੀਮ ਨੂੰ ਦਰਸਾਉਂਦਾ ਹੈ ਜਿਸਦਾ ਮਿਸ਼ਨ ਵਿਸ਼ਵ ਪੱਧਰੀ ਕੁਦਰਤ ਦੀ ਸੰਭਾਲ, ਬਾਹਰੀ ਮਨੋਰੰਜਨ, ਸਿੱਖਿਆ, ਅਤੇ ਵਿਗਿਆਨਕ ਅਧਿਐਨ ਲਈ ਸੂਬੇ ਦੇ ਸੁਰੱਖਿਅਤ ਕੀਤੇ ਖੇਤਰ ਪ੍ਰਣਾਲੀ ਦੇ ਅੰਦਰ ਪ੍ਰਤੀਨਿਧ ਅਤੇ ਕੁਦਰਤੀ ਸਥਾਨਾਂ ਦੀ ਰੱਖਿਆ ਕਰਨਾ ਹੈ।

[3] https://bcparks.ca/docs/bcparks.pdf?v=1635370281244

- ਜੀਵਨ ਕਾਲ।[4]

ਆਪਣੀ ਤੰਦਰੁਸਤੀ ਨੂੰ ਸੁਧਾਰਨ ਲਈ, ਲੋਕ ਮਨ, ਸਰੀਰ ਅਤੇ ਆਤਮਾ ਨੂੰ ਬਹਾਲ ਕਰਨ ਲਈ ਕੁਦਰਤ ਵੱਲ ਰੁੱਖ ਕਰਦੇ ਹਨ। ਬੀ.ਸੀ. ਦੇ ਸੂਬਾਈ ਪਾਰਕ ਕੁਦਰਤ ਤੱਕ ਪਹੁੰਚ ਮੁਹੱਈਆ ਕਰਕੇ ਲੋਕਾਂ ਦੀ ਸਿਹਤ ਲਈ ਇੱਕ ਅਨਮੋਲ ਸਹਾਇਤਾ ਮੁਹੱਈਆ ਕਰਦੇ ਹਨ।

ਇਹ, ਕੁਝ ਹੱਦ ਤੱਕ, ਇਸ ਗੱਲ ਦੀ ਵਿਆਖਿਆ ਕਰਦਾ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਬੀ.ਸੀ. ਪਾਰਕਸ ਵਿੱਚ ਆਉਣ-ਜਾਣ ਵਾਲਿਆਂ ਵਿੱਚ ਬੇਮਿਸਾਲ ਵਾਧਾ ਕਿਉਂ ਹੋਇਆ ਹੈ। 2021 ਕੈਂਪਿੰਗ ਸੀਜ਼ਨ ਦੌਰਾਨ 3.6 ਮਿਲੀਅਨ ਤੋਂ ਵੱਧ ਕੈਂਪਰ ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਰਹੇ, ਅਤੇ 260,000 ਤੋਂ ਵੱਧ ਰਿਜ਼ਰਵੇਸ਼ਨਾਂ ਕੀਤੀਆਂ ਗਈਆਂ ਸਨ। ਇਹ ਰਿਕਾਰਡ ਕੀਤੀ ਗਈ ਕੈਂਪਿੰਗ ਸੈਲਾਨੀਆਂ ਦੀ ਸਭ ਤੋਂ ਵੱਡੀ ਸੰਖਿਆ ਸੀ। ਬ੍ਰਿਟਿਸ਼ ਕੋਲੰਬੀਆ ਦੇ ਲਗਭਗ 90 ਫ਼ੀਸਦ ਲੋਕਾਂ ਨੇ ਕਿਸੇ ਨਾ ਕਿਸੇ ਸਮੇਂ ਇੱਕ ਸੂਬਾਈ ਪਾਰਕ ਦੀ ਵਰਤੋਂ ਕੀਤੀ ਹੈ।[5] ਬੀ.ਸੀ. ਪਾਰਕਸ ਰਾਹੀਂ, ਸੂਬਾਈ ਸੁਰੱਖਿਅਤ ਖੇਤਰ ਲੋਕਾਂ ਵੱਲੋਂ ਵੱਧ ਤੋਂ ਵੱਧ ਵਰਤੀਆਂ ਜਾ ਰਹੀਆਂ ਬਹੁਤ ਸਾਰੀਆਂ ਸੇਵਾਵਾਂ ਮੁਹੱਈਆ ਕਰਦੇ ਹਨ। ਪਾਰਕਾਂ ਦੁਆਰਾ ਮੁਹੱਈਆ ਕੀਤੇ ਜਾਣ ਵਾਲੇ ਲਾਭਾਂ ਦਾ ਆਨੰਦ ਲੈਣ ਲਈ, ਲੋਕਾਂ ਨੂੰ ਬੀ.ਸੀ. ਦੇ ਸੂਬਾਈ ਪਾਰਕਾਂ ਤੱਕ ਪਹੁੰਚ ਲਈ ਜੀ ਆਇਆਂ ਅਤੇ ਯੋਗ ਮਹਿਸੂਸ ਕਰਨਾ ਚਾਹੀਦਾ ਹੈ। *ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ*ਇਸ ਨੂੰ ਸੰਭਵ ਬਣਾਉਣ ਦੀ ਕੋਸ਼ਿਸ਼ ਕਰੇਗੀ।

## ਜੈਵ-ਵਿਵਿਧਤਾ ਦੀ ਸੁਰੱਖਿਆ ਅਤੇ ਜਲਵਾਯੂ ਪਰਿਵਰਤਨ ਨੂੰ ਘਟਾਉਣਾ

ਬ੍ਰਿਟਿਸ਼ ਕੋਲੰਬੀਆ ਦੀ ਸੁਰੱਖਿਅਤ ਖੇਤਰ ਪ੍ਰਣਾਲੀ ਇੱਕ ਸਿਹਤਮੰਦ ਵਾਤਾਵਰਣ ਨੂੰ ਬਚਾਉਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੁਰੱਖਿਅਤ ਖੇਤਰ ਸਾਫ਼ ਪਾਣੀ ਅਤੇ ਹਵਾ ਮੁਹੱਈਆ ਕਰਦੇ ਹਨ, ਕਾਰਬਨ ਨੂੰ ਜਜ਼ਬ ਕਰਦੇ ਹਨ, ਅਤੇ ਬੀ.ਸੀ. ਦੇ ਜੀਵ-ਜੰਤੂਆਂ ਨੂੰ ਉਨ੍ਹਾਂ ਦੀ ਸਾਰੀ ਜੈਵ-ਵਿਵਿਧਤਾ ਵਿੱਚ ਸੁਰੱਖਿਅਤ ਕਰਦੇ ਹਨ। ਜਿਵੇਂ-ਜਿਵੇਂ ਜਲਵਾਯੂ ਪਰਿਵਰਤਨ ਸੰਸਾਰ ਨੂੰ ਬਦਲਦਾ ਹੈ, ਸੁਰੱਖਿਅਤ ਖੇਤਰਾਂ ਦੇ ਇਹ ਲਾਭ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹਨ। ਜਿਵੇਂ-ਜਿਵੇਂ ਅਸੀਂ ਇਹ ਯਕੀਨੀ ਬਣਾਉਣ ਲਈ ਆਪਣੀ ਊਰਜਾ ਨੂੰ ਮੁੜ ਕੇਂਦ੍ਰਿਤ ਕਰਦੇ ਹਾਂ ਕਿ ਪਾਰਕ ਸਮਾਵੇਸ਼ੀ ਅਤੇ ਸਾਰਿਆਂ ਲਈ ਪਹੁੰਚਯੋਗ ਹੋਣ, ਅਸੀਂ ਆਪਣੇ ਕੁਦਰ ਦੀ ਸੰਭਾਲ ਦੇ ਨਿਰਦੇਸ਼ ਨੂੰ ਧਿਆਨ ਵਿੱਚ ਰੱਖਦੇ ਹਾਂ। ਸੰਮਿਲਨ ਲਈ ਸਾਡੀ ਵਿਸਤ੍ਰਿਤ ਵਚਨਬੱਧਤਾ ਦੇ ਨਾਲ ਕੁਦਰਤ ਦੀ ਸੰਭਾਲ 'ਤੇ ਸਾਡਾ ਧਿਆਨ ਕੇਂਦ੍ਰਿਤ ਕਰਨਾ ਇਹ ਯਕੀਨੀ ਬਣਾਉਂਦਾ ਹੈ ਕਿ ਬੀ.ਸੀ. ਦੇ ਸੂਬਾਈ ਪਾਰਕ ਸਾਰਿਆਂ ਲਈ ਲਾਭਦਾਇਕ ਬਣੇ ਰਹਿ ਸਕਦੇ ਹਨ - ਹਮੇਸ਼ਾ ਲਈ।

## ਹਿੰਸਾ, ਨਫ਼ਰਤ ਅਤੇ ਵਿਤਕਰੇ ਨੂੰ ਖਤਮ ਕਰਨਾ

ਬੀ.ਸੀ. ਦੀ ਸਭ ਤੋਂ ਵੱਡੀ ਖੂਬੀ ਉਨ੍ਹਾਂ ਲੋਕਾਂ ਦੀ ਵਿਵਿਧਤਾ ਹੈ ਜੋ ਇਸ ਸੂਬੇ ਵਿੱਚ ਰਹਿੰਦੇ ਹਨ। ਸਾਡੇ ਸਮਾਜ ਵਿੱਚ ਹਿੰਸਾ, ਨਫ਼ਰਤ ਅਤੇ ਵਿਤਕਰੇ ਲਈ ਕੋਈ ਥਾਂ ਨਹੀਂ ਹੈ।
ਸੂਬਾ ਇੱਕ ਅਜਿਹਾ ਬੀ.ਸੀ. ਬਣਾਉਣ ਲਈ ਵਚਨਬੱਧ ਹੈ ਜਿੱਥੇ ਹਰ ਕੋਈ ਵਿਤਕਰੇ ਅਤੇ ਹਿੰਸਾ ਤੋਂ ਮੁਕਤ ਰਹਿ ਸਕੇ; ਇੱਕ ਸਥਾਨ ਜੋ ਬਹੁ-ਸੱਭਿਆਚਾਰਵਾਦ ਨੂੰ ਉਤਸ਼ਾਹਿਤ ਕਰਦਾ ਹੈ, ਨਸਲਵਾਦ ਦੇ ਵਿਰੁੱਧ ਕੰਮ ਕਰਦਾ ਹੈ[6,7], ਲਿੰਗ ਸਮਾਨਤਾ ਨੂੰ ਅੱਗੇ ਵਧਾਉਂਦਾ ਹੈ ਅਤੇ ਸਮਾਵੇਸ਼ੀ ਭਾਈਚਾਰਿਆਂ ਦਾ ਨਿਰਮਾਣ ਕਰਦਾ ਹੈ।

---

[4] https://www.parkprescriptions.ca/en/whynature
[5] https://bcparks.ca/about/facts-figures.html#attendance
[6] https://www2.gov.bc.ca/gov/content/governments/multiculturalism-anti-racism/anti-racism/resiliencebc
[7] https://www2.gov.bc.ca/gov/content/governments/multiculturalism-anti-racism/multiculturalism/multiculturalismgrants

ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ

ਜਦੋਂ ਸਾਰੇ ਲੋਕ - ਉਨ੍ਹਾਂ ਦੇ ਲਿੰਗ, ਲਿੰਗ ਪਛਾਣ, ਨਸਲ, ਵਰਗ, ਜਿਨਸੀ ਝੁਕਾਅ, ਯੋਗਤਾ, ਜਾਂ ਹੋਰ ਪਛਾਣ ਕਰਨ ਵਾਲੇ ਕਾਰਕਾਂ ਦੀ ਪਰਵਾਹ ਕੀਤੇ ਬਿਨਾਂ - ਆਪਣੀ ਪੂਰੀ ਸਮਰੱਥਾ ਤੱਕ ਪਹੁੰਚ ਸਕਦੇ ਹਨ, ਤਾਂ ਸਾਡੇ ਭਾਈਚਾਰੇ ਅਤੇ ਆਰਥਿਕਤਾ ਹਰ ਕਿਸੇ ਲਈ ਮਜ਼ਬੂਤ, ਬਿਹਤਰ ਸਥਾਨ ਹੁੰਦੇ ਹਨ।

ਬੀ.ਸੀ. ਪਾਰਕਸ ਨੂੰ ਇਨ੍ਹਾਂ ਸੂਬਾਈ ਵਚਨਬੱਧਤਾਵਾਂ ਦੁਆਰਾ ਸੇਧ ਦਿੱਤੀ ਜਾਂਦੀ ਹੈ। *ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ*ਇਹ ਯਕੀਨੀ ਬਣਾਉਣ ਲਈ ਸਾਡੀ ਯਾਤਰਾ ਦੀ ਅਗਵਾਈ ਕਰਨ ਵਿੱਚ ਮਦਦ ਕਰਦੀ ਹੈ ਕਿ ਸਾਰੇ ਪਿਛੋਕੜਾਂ ਅਤੇ ਪਛਾਣਾਂ ਵਾਲੇ ਲੋਕ ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਸੁਰੱਖਿਅਤ ਅਤੇ ਜੀ ਆਇਆਂ ਮਹਿਸੂਸ ਕਰਦੇ ਹਨ।

### ਸੁਲ੍ਹਾ-ਸਫ਼ਾਈ

ਬੀ.ਸੀ. ਪਾਰਕ ਪ੍ਰਣਾਲੀ ਸੂਬੇ ਦੇ ਬਸਤੀਵਾਦੀ ਇਤਿਹਾਸ ਦਾ ਇੱਕ ਹਿੱਸਾ ਹੈ - ਕਿਉਂਕਿ ਬਹੁਤ ਸਾਰੇ ਪੁਰਾਣੇ ਪਾਰਕ ਇਨ੍ਹਾਂ ਖੇਤਰਾਂ 'ਤੇ ਕਬਜ਼ਾ ਕਰਨ ਵਾਲੇ ਜਾਂ ਵਰਤਣ ਵਾਲੇ ਮੂਲਵਾਸੀ ਲੋਕਾਂ ਲਈ ਬਹੁਤ ਘੱਟ ਸਲਾਹ-ਮਸ਼ਵਰੇ ਜਾਂ ਵਿਚਾਰ ਕੀਤੇ ਬਿਨਾਂ ਸਥਾਪਤ ਕੀਤੇ ਗਏ ਸਨ। ਜਿਸ ਦੌਰਾਨ ਅਸੀਂ ਹਰ ਕਿਸੇ ਨੂੰ ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਅਰਾਮਦੇਹ ਅਤੇ ਸੁਆਗਤ ਕੀਤ ਗਿਆ ਮਹਿਸੂਦ ਕਰਨ ਦੇ ਆਪਣੇ ਦ੍ਰਿਸ਼ਟੀਕੋਣ ਵੱਲ ਵਧਦੇ ਹਾਂ, ਤਾਂ ਅਸੀਂ ਆਪਣੀ ਬਸਤੀਵਾਦੀ ਵਿਰਾਸਤ ਪ੍ਰਤੀ ਸੁਚੇਤ ਰਹਿੰਦੇ ਹਾਂ ਅਤੇ ਮੂਲਵਾਸੀ ਲੋਕਾਂ ਨੂੰ ਸਵੀਕਾਰ ਕਰਦੇ ਹਾਂ ਜੋ ਹਮੇਸ਼ਾ ਇੱਥੇ ਰਹਿੰਦੇ ਰਹੇ ਹਨ। *ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ*ਦਾ ਉਦੇਸ਼ ਮੂਲਵਾਸੀ ਲੋਕਾਂ ਨਾਲ ਸੁਲ੍ਹਾ-ਸਫ਼ਾਈ ਲਈ ਸਰਕਾਰ ਦੀ ਵਚਨਬੱਧਤਾ ਤੋਂ ਇਲਾਵਾ, ਸਾਰਿਆਂ ਲਈ ਸੰਮਿਲਨ ਦੇ ਸਾਡੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰਨਾ ਹੈ।

ਬੀ.ਸੀ. ਪਾਰਕਸ ਮੂਲਵਾਸੀ ਲੋਕਾਂ ਦੇ ਜ਼ਮੀਨ ਨਾਲ ਡੂੰਘੇ ਅਤੇ ਚੱਲ ਰਹੇ ਸਬੰਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਉਨ੍ਹਾਂ ਦੇ ਨਾਲ ਸੱਚੇ ਅਤੇ ਸਾਰਥਕ ਸਹਿਯੋਗ ਲਈ ਕੰਮ ਕਰ ਰਿਹਾ ਹੈ। ਬੀ.ਸੀ. ਪਾਰਕਸ ਦੇ ਸੰਦਰਭ ਵਿੱਚ ਸੁਲ੍ਹਾ-ਸਫ਼ਾਈ ਦੀ ਮਹੱਤਤਾ ਅਤੇ ਵਿਸਤਾਰ ਦਾ ਪੂਰਾ ਸਤਿਕਾਰ ਕਰਨ ਲਈ, ਇੱਕ ਵੱਖਰੀ ਅਤੇ ਵਿਲੱਖਣ ਵਚਨਬੱਧਤਾ ਚੱਲ ਰਹੀ ਹੈ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਇਸ ਵੈੱਬਸਾਈਟ 'ਤੇ ਜਾਓ: bcparks.ca/reconciliation

## ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ

ਹਰ ਉਮਰ ਅਤੇ ਪਿਛੋਕੜ ਦੇ ਲੋਕ ਸੂਬਾਈ ਪਾਰਕਾਂ ਨੂੰ ਇੱਥੇ ਰਹਿਣ ਬਾਰੇ ਸਭ ਤੋਂ ਸ਼ਾਨਦਾਰ ਚੀਜ਼ਾਂ ਵਿੱਚੋਂ ਇੱਕ ਮੰਨਦੇ ਹਨ। ਪਰ ਕੁਝ ਲੋਕਾਂ ਲਈ, ਬੀ.ਸੀ. ਦੀ ਕੁਦਰਤੀ ਸੁੰਦਰਤਾ ਵਿੱਚ ਸ਼ਾਮਲ ਹੋਣ, ਸੁਆਗਤ ਕੀਤੇ ਅਤੇ ਸੁਰੱਖਿਅਤ ਮਹਿਸੂਸ ਕਰਨ ਦੀ ਉਨ੍ਹਾਂ ਦੀ ਯੋਗਤਾ ਵਿੱਚ ਰੁਕਾਵਟਾਂ ਹਨ। ਅਸੀਂ ਬਰਾਬਰੀ ਦੇ ਹੱਕਦਾਰ ਸਮੂਹਾਂ ਨੂੰ ਸਵੀਕਾਰ ਕਰਦੇ ਹਾਂ ਜਿਨ੍ਹਾਂ ਨੂੰ ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਦੇਖੀਆਂ ਅਤੇ ਅਣਦੇਖੀਆਂ ਰੁਕਾਵਟਾਂ ਦੇ ਕਾਰਨ ਰਵਾਇਤੀ ਤੌਰ 'ਤੇ ਬਾਹਰ ਰੱਖਿਆ ਗਿਆ ਹੈ ਜਾਂ ਜਿਨ੍ਹਾਂ ਨੇ ਇਹ ਮਹਿਸੂਸ ਕੀਤਾ ਹੈ ਕਿ ਉਨ੍ਹਾਂ ਨੂੰ ਬਾਹਰ ਰੱਖਿਆ ਗਿਆ ਹੈ। *ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ* ਰੁਕਾਵਟਾਂ ਨੂੰ ਦੂਰ ਕਰਨ ਲਈ ਇੱਕ ਨਵੀਂ ਵਚਨਬੱਧਤਾ 'ਤੇ ਸ਼ੁਰੂਆਤ ਕਰਦੀ ਹੈ।

### ਸੰਮਿਲਨ ਨੂੰ ਪਰਿਭਾਸ਼ਿਤ ਕਰਨਾ

ਬੀ.ਸੀ. ਪਾਰਕਸ ਲਈ, ਸਹੀ ਸੰਮਿਲਨ ਦਾ ਮਤਲਬ ਹੈ ਹਰ ਕਿਸੇ ਦਾ ਸੁਆਗਤ ਹੈ। ਅਸੀਂ ਹਰ ਕਿਸੇ ਦਾ ਸਤਿਕਾਰ ਕਰਦੇ ਹਾਂ ਭਾਵੇਂ ਉਹ ਕੋਈ ਵੀ ਹੋਣ ਅਤੇ, ਜਿੱਥੇ ਵੀ ਸੰਭਵ ਹੋਵੇ, ਅਸੀਂ ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਸਾਰਿਆਂ ਲਈ

ਪੂਰੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਅਤੇ ਸਹੂਲਤ ਦੇਣ ਲਈ ਪਹੁੰਚਯੋਗਤਾ ਦੀਆਂ ਸੀਮਾਵਾਂ ਜਾਂ ਰੁਕਾਵਟਾਂ ਨੂੰ ਦੂਰ ਕਰਦੇ ਹਾਂ।

## ਪਹੁੰਚਯੋਗਤਾ ਦੀ ਪਰਿਭਾਸ਼ਾ

ਬੀ.ਸੀ. ਪਾਰਕਸ ਲਈ, ਪਹੁੰਚਯੋਗਤਾ ਦਾ ਮਤਲਬ ਹੈ ਬੀ.ਸੀ. ਪਾਰਕਸ ਦੇ ਨਾਲ ਸੈਲਾਨੀਆਂ ਦੇ ਸਮੁੱਚੇ ਅਨੁਭਵ ਵਿੱਚ ਪੂਰੀ ਭਾਗੀਦਾਰੀ ਲਈ ਵੱਧ ਤੋਂ ਵੱਧ ਰੁਕਾਵਟਾਂ ਨੂੰ ਦੂਰ ਕਰਨਾ। ਸਾਰਥਕ ਪਹੁੰਚ ਬਣਾਉਣਾ ਬੀ.ਸੀ. ਪਾਰਕਸ ਵਿੱਚ ਲੋਕਾਂ ਦਾ ਸੁਆਗਤ ਕਰਦਾ ਹੈ ਅਤੇ ਸੰਮਿਲਨ ਲਈ ਸਾਡੀ ਵਚਨਬੱਧਤਾ ਦਾ ਇੱਕ ਬੁਨਿਆਦੀ ਹਿੱਸਾ ਹੈ।

## ਬੀ.ਸੀ. ਪਾਰਕਸ ਵਿੱਚ ਰੁਕਾਵਟਾਂ ਦੀ ਪਛਾਣ ਕਰਨਾ

ਲੋਕਾਂ ਨੂੰ ਸ਼ਾਮਲ ਨਹੀਂ ਕੀਤਾ ਜਾ ਸਕਦਾ ਜੇਕਰ ਉਨ੍ਹਾਂ ਨੂੰ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੀ.ਸੀ. ਪਾਰਕਸ ਲਈ ਇੱਕ ਮਹੱਤਵਪੂਰਨ ਪਹਿਲਾ ਕਦਮ ਹੈ ਪਾਰਕਾਂ ਤੱਕ ਪਹੁੰਚ ਕਰਨ ਵਿੱਚ ਕਈਆਂ ਸਾਹਮਣੇ ਆਉਣ ਵਾਲੀਆਂ ਰੁਕਾਵਟਾਂ ਦੀ ਪਛਾਣ ਕਰਨਾ, ਉਨ੍ਹਾਂ ਨੂੰ ਪਰਿਭਾਸ਼ਿਤ ਕਰਨਾ ਅਤੇ ਸਵੀਕਾਰ ਕਰਨਾ। ਰਾਸ਼ਟਰੀ ਪੱਧਰ 'ਤੇ ਕੀਤੇ ਗਏ ਖੋਜ ਅਧਿਐਨ ਆਮ ਰੁਕਾਵਟਾਂ ਦੀਆਂ ਕਈ ਸ਼੍ਰੇਣੀਆਂ ਦੀ ਪਛਾਣ ਕਰਦੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਰਵੱਈਏ ਸੰਬੰਧੀ,
- ਸੱਭਿਆਚਾਰਕ,
- ਵਿੱਤੀ,
- ਗਿਆਨ,
- ਭਾਸ਼ਾ,
- ਸਰੀਰਕ,
- ਗ੍ਰਹਿਣਸ਼ੀਲ,
- ਤਕਨਾਲੋਜੀ, ਅਤੇ
- ਦ੍ਰਿਸ਼ਟ ਪ੍ਰਤਿਨਿਧਤਾ। [8, 9]

ਅਸੀਂ ਇੱਕ ਅਜਿਹਾ ਮੁਲਾਕਾਤੀ ਅਨੁਭਵ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਜੋ ਸਮਾਵੇਸ਼ੀ ਹੋਵੇ। ਸਾਡੀ ਵੈੱਬਸਾਈਟ ਤੋਂ ਲੈ ਕੇ ਕੈਂਪ ਸਾਈਟਾਂ ਤੱਕ, ਅਸੀਂ ਹਰ ਕਿਸੇ ਲਈ ਅਰਥਪੂਰਨ ਪਹੁੰਚਯੋਗ ਹਾਂ, ਯੋਗਤਾ ਦੀ ਪਰਵਾਹ ਕੀਤੇ ਬਿਨਾਂ, ਅਤੇ ਪਛਾਣ ਦੀ ਪਰਵਾਹ ਕੀਤੇ ਬਿਨਾਂ, ਹਰ ਕਿਸੇ ਨੂੰ ਜੀ ਆਇਆਂ ਕਹਿੰਦੇ ਹਾਂ। ਕੁਦਰਤ ਤੱਕ ਪਹੁੰਚ ਕਰਨ ਦੇ ਹਰ ਕਿਸੇ ਦੇ ਅਧਿਕਾਰ ਦਾ ਸਨਮਾਨ ਕਰਦੇ ਹੋਏ[10], ਅਤੇ ਪਹੁੰਚ ਵਿੱਚ ਰੁਕਾਵਟ ਪੈਦਾ ਕਰਨ ਵਾਲੀਆਂ ਰੁਕਾਵਟਾਂ ਨੂੰ ਤੋੜਨ ਲਈ ਸਰਗਰਮੀ ਨਾਲ ਕੰਮ ਕਰਕੇ, ਅਸੀਂ ਸੰਮਿਲਨ ਦੀ ਸਾਡੀ ਵਚਨਬੱਧਤਾ ਵੱਲ ਕੰਮ ਕਰਨਾ ਜਾਰੀ ਰੱਖਦੇ ਹਾਂ:

> ਬੀ.ਸੀ. ਪਾਰਕਸ ਸਮਾਵੇਸ਼ੀ, ਵਿਵਿਧ ਅਤੇ ਆਦਰਯੋਗ ਸਥਾਨਾਂ ਨੂੰ ਬਣਾਉਣ ਲਈ ਸਹਿਯੋਗੀ ਕਾਰਵਾਈ ਕਰ ਰਿਹਾ ਹੈ ਜਿੱਥੇ ਹਰ ਕੋਈ ਕੁਦਰਤ ਦੀ ਸੁੰਦਰਤਾ ਅਤੇ ਲਾਭਾਂ ਨਾਲ ਜੁੜ ਸਕਦਾ ਹੈ।

[8] Jacqueline L Scott ਅਤੇ Ambika Tenneti ਦੁਆਰਾ Race and Nature in the City (ਸ਼ਹਿਰ ਵਿੱਚ ਨਸਲ ਅਤੇ ਕੁਦਰਤ), ਟੋਰਾਂਟੋ ਯੂਨੀਵਰਸਿਟੀ, ਮਈ 2021. https://naturecanada.ca/wp-content/uploads/2021/04/Race-Nature-in-the-City-Report.pdf

[9] https://www2.gov.bc.ca/gov/content/careers-myhr/about-the-bc-public-service/diversity-inclusion/accessibility

[10] https://www.iucn.org/news/world-commission-environmental-law/202110/right-a-healthy-environment

# ਬੀ.ਸੀ. ਪਾਰਕਸ ਦੇ ਸੰਮਿਲਨ ਦੇ ਸਿਧਾਂਤ

ਬੀ.ਸੀ. ਪਾਰਕ ਬਰਾਬਰੀ, ਵਿਵਿਧਤਾ, ਅਤੇ ਸੰਮਿਲਨ (EDI) ਦੇ ਮੁੱਲਾਂ ਲਈ ਵਚਨਬੱਧ ਹੈ ਅਤੇ ਪਸੰਦ ਦੀ ਮੰਜ਼ਿਲ ਅਤੇ ਪਸੰਦ ਦਾ ਰੁਜ਼ਗਾਰਦਾਤਾ ਬਣਨ ਦੀ ਕੋਸ਼ਿਸ਼ ਕਰਦਾ ਹੈ।

ਜਿਸ ਦੌਰਾਨ ਬੀ.ਸੀ. ਪਾਰਕਸ ਇੱਕ ਨਵੇਂ ਫੋਕਸ ਅਤੇ ਸੰਮਿਲਨ ਦੀ ਵਚਨਬੱਧਤਾ 'ਤੇ ਕੰਮ ਕਰਦਾ ਹੈ, ਸਾਡੇ ਯਤਨਾਂ ਨੂੰ ਹੇਠਾਂ ਦਿੱਤੇ ਸਿਧਾਂਤਾਂ ਅਨੁਸਾਰ ਸੇਧ ਦਿੱਤੀ ਜਾਂਦੀ ਹੈ:

## i. ਪਾਰਕ ਦੇ ਸੈਲਾਨੀਆਂ ਨਾਲ ਜੁੜਾਵ

ਅਸੀਂ ਸਰਗਰਮੀ ਨਾਲ ਸੈਲਾਨੀਆਂ ਅਤੇ ਭਿੰਨ ਭਾਈਚਾਰਕ ਸੰਸਥਾਵਾਂ ਨਾਲ ਜੁੜਨ ਦੇ ਮੌਕੇ ਲੱਭਦੇ ਹਾਂ। ਅਸੀਂ ਪਾਰਕ ਸਿਸਟਮ ਵਿੱਚ ਉਨ੍ਹਾਂ ਦੇ ਤਜ਼ਰਬਿਆਂ ਅਤੇ ਬੀ.ਸੀ. ਪਾਰਕਸ ਨਾਲ ਉਨ੍ਹਾਂ ਦੇ ਪਰਸਪਰ ਪ੍ਰਭਾਵ ਬਾਰੇ ਜਾਣਨ ਦੀ ਕੋਸ਼ਿਸ਼ ਕਰਦੇ ਹਾਂ। ਜੁੜਾਵ ਨਾਲ ਪਾਰਕਾਂ ਦੇ ਸੈਲਾਨੀਆਂ ਦੀਆਂ ਵੱਧਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਸਾਡੀ ਮਦਦ ਹੋਵੇਗੀ। ਅਸੀਂ ਇਨ੍ਹਾਂ ਜੁੜਾਵਾਂ ਦੇ ਨਤੀਜਿਆਂ ਨੂੰ ਪਾਰਦਰਸ਼ੀ ਢੰਗ ਨਾਲ ਸਾਂਝਾ ਕਰਾਂਗੇ ਅਤੇ ਉਨ੍ਹਾਂ ਦੇ ਸੁਝਾਵਾਂ 'ਤੇ ਪ੍ਰਤਿਕਿਰਿਆ ਕਰਨ ਲਈ ਕਾਰਵਾਈ ਕਰਾਂਗੇ।

## ii. ਵੱਖੋ-ਵੱਖਰੇ ਸਜੀਵ ਅਨੁਭਵ ਨੂੰ ਸੁਣਨਾ

ਅਸੀਂ ਸੈਲਾਨੀਆਂ, ਵਲੰਟੀਅਰਾਂ, ਭਾਈਵਾਲਾਂ, ਬਾਹਰੀ ਹਿੱਸੇਦਾਰਾਂ, ਅਤੇ ਭਿੰਨ ਤਜ਼ਰਬਿਆਂ ਵਾਲੇ ਸਟਾਫ ਦੀ ਸਲਾਹ ਲੈਂਦੇ ਹਾਂ। ਅਸੀਂ ਬਿਹਤਰ ਢੰਗ ਨਾਲ ਇਹ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਕਿ ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਵਿਅਕਤੀਆਂ ਨੂੰ ਮਨੋਵਿਗਿਆਨਕ ਅਤੇ ਸਰੀਰਕ ਤੌਰ 'ਤੇ ਸੁਰੱਖਿਅਤ ਅਤੇ ਸਤਿਕਾਰਤ ਮਹਿਸੂਸ ਕਰਨ ਦੀ ਲੋੜ ਹੈ, ਅਜਿਹੇ ਤਰੀਕੇ ਨਾਲ ਕਿ ਉਨ੍ਹਾਂ ਦੇ ਪਿਛੋਕੜ ਅਤੇ ਨਿੱਜੀ ਹਾਲਾਤਾਂ ਦਾ ਆਦਰ ਕੀਤਾ ਜਾਵੇ।

## iii. ਸਮਾਵੇਸ਼ੀ ਨੀਤੀਆਂ, ਪ੍ਰਕਿਰਿਆਵਾਂ ਅਤੇ ਅਭਿਆਸ

ਅਸੀਂ ਇਤਿਹਾਸਕ ਬਾਹਰ ਰੱਕਣ ਵਾਲੀਆਂ ਨੀਤੀਆਂ, ਪ੍ਰਕਿਰਿਆਵਾਂ, ਅਤੇ ਅਭਿਆਸਾਂ ਦੇ ਪ੍ਰਣਾਲੀਗਤ ਪ੍ਰਭਾਵਾਂ ਬਾਰੇ ਆਪਣੀ ਸਮਝ ਨੂੰ ਡੂੰਘਾ ਕਰਨਾ ਜਾਰੀ ਰੱਖਦੇ ਹਾਂ। ਸਾਡੀਆਂ ਸਿੱਖਿਆਵਾਂ ਸਾਨੂੰ ਅੱਗੇ ਵਧਣ ਦੇ ਵਿੱਚ ਮਾਰਗਦਰਸ਼ਨ ਕਰਨ ਵਿੱਚ ਮਦਦ ਕਰਦੀਆਂ ਹਨ। ਸਮਾਵੇਸ਼ੀ ਅਤੇ ਵਿਵਿਧ ਟੀਮਾਂ ਸਾਡੀਆਂ ਨੀਤੀਆਂ, ਪ੍ਰਕਿਰਿਆਵਾਂ, ਅਤੇ ਅਭਿਆਸਾਂ ਦੇ ਸਾਰੇ ਪਹਿਲੂਆਂ ਵਿੱਚ EDI ਵਿਚਾਰਾਂ ਨੂੰ ਸ਼ਾਮਲ ਕਰਨਾ ਜਾਰੀ ਰੱਖਦੀਆਂ ਹਨ।

## iv. ਸਰਵਵਿਆਪੀ ਡਿਜ਼ਾਈਨ

ਅਸੀਂ ਸਰਵਵਿਆਪੀ ਡਿਜ਼ਾਈਨ ਦੇ ਸਿਧਾਂਤਾਂ ਦੀ ਪਾਲਣਾ ਕਰਦੇ ਹਾਂ[11] ਤਾਂ ਜੋ ਸਾਰੇ ਲੋਕਾਂ ਵੱਲੋਂ ਬੀ.ਸੀ. ਦੇ ਪਾਰਕਾਂ ਤੱਕ ਪਹੁੰਚ ਕੀਤੀ ਜਾ ਸਕੇ, ਉਨ੍ਹਾਂ ਸਮਝਿਆ ਜਾ ਸਕੇ ਅਤੇ ਉਨ੍ਹਾਂ ਦਾ ਅਨੰਦ ਲਿਆ ਜਾ ਸਕੇ।

---

[11] ਸਰਵਵਿਆਪੀ ਡਿਜ਼ਾਈਨ ਉਨ੍ਹਾਂ ਉਤਪਾਦਾਂ ਨੂੰ ਬਣਾਉਣ ਦੀ ਪ੍ਰਕਿਰਿਆ ਹੈ ਜੋ ਸਮਰੱਥਤਾਵਾਂ, ਅਸਮਰਥਤਾਵਾਂ ਅਤੇ ਹੋਰ ਵਿਸ਼ੇਸ਼ਤਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਵਾਲੇ ਲੋਕਾਂ ਲਈ ਪਹੁੰਚਯੋਗ ਹਨ।

v. **ਲਗਾਤਾਰ ਸੁਧਾਰ**

ਸਿੱਖਣ ਅਤੇ ਵਿਕਾਸ ਪ੍ਰਤੀ ਵਚਨਬੱਧਤਾ ਦੇ ਜ਼ਰੀਏ, ਅਸੀਂ ਇਹ ਯਕੀਨੀ ਬਣਾਉਣ ਲਈ ਲਗਾਤਾਰ ਅੱਗੇ ਵੱਧ ਰਹੇ ਹਾਂ ਕਿ ਬੀ.ਸੀ. ਦੇ ਸੂਬਾਈ ਪਾਰਕ ਅਰਥਪੂਰਨ ਤੌਰ 'ਤੇ ਪਹੁੰਚਯੋਗ ਅਤੇ ਸਵਾਗਤਯੋਗ ਹਨ। ਅੱਗੇ ਵੱਧੇ ਹੋਏ ਅਸੀਂ ਆਪਣੀ ਪਹੁੰਚ ਨੂੰ ਅਨੁਕੂਲ ਬਣਾਉਣ ਲਈ ਹਮੇਸ਼ਾਂ ਲੰਬੇ ਸਮੇਂ ਦੀ ਨਵੀਨਤਾ 'ਤੇ ਕੇਂਦ੍ਰਿਤ ਰਹਿੰਦੇ ਹਾਂ।

vi. **ਚਿਰੰਜੀਵਤਾ**

ਇਹ ਮੰਨਦੇ ਹੋਏ ਕਿ ਸੰਮਿਲਨ ਇੱਕ ਯਾਤਰਾ ਹੈ, ਇੱਕ ਮੰਜ਼ਿਲ ਨਹੀਂ, ਅਸੀਂ ਆਪਣੀ ਵਚਨਬੱਧਤਾ ਦੀ ਚਿਰੰਜੀਵਤਾ 'ਤੇ ਕੇਂਦ੍ਰਿਤ ਰਹਿੰਦੇ ਹਾਂ। ਅਸੀਂ ਸਮਝਦੇ ਹਾਂ ਕਿ ਸੰਮਿਲਨ ਦੇ ਸੱਭਿਆਚਾਰ ਨੂੰ ਵਿਕਸਤ ਕਰਨ ਅਤੇ ਕਾਇਮ ਰੱਖਣ ਲਈ ਭਵਿੱਖ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਲੋੜ ਹੁੰਦੀ ਹੈ। ਅਸੀਂ ਸਾਰੀਆਂ ਸੰਮਿਲਨ ਪਹਿਲਕਦਮੀਆਂ ਲਈ ਲੰਬੇ ਸਮੇਂ ਦੇ ਜੁੜਾਵ, ਰੱਖ-ਰਖਾਅ, ਅਤੇ ਅਨੁਕੂਲਨ ਰਣਨੀਤੀਆਂ ਦੀ ਯੋਜਨਾ ਬਣਾਉਂਦੇ ਹਾਂ।

vii. **ਸਮਾਵੇਸ਼ੀ ਕੰਮ ਦਾ ਸੱਭਿਆਚਾਰ**

ਅਸੀਂ ਇੱਕ ਨਿਰਪੱਖ ਅਤੇ ਆਦਰਯੋਗ ਕੰਮ ਕਾਰਜ-ਸਥਾਨ ਨੂੰ ਉਤਸ਼ਾਹਿਤ ਕਰਦੇ ਹਾਂ। ਇੱਕ ਅਜਿਹਾ ਕਾਰਜ-ਸਥਾਨ ਜੋ ਵਿਵਿਧਤਾ ਨੂੰ ਇੱਕ ਤਾਕਤ ਵਜੋਂ ਵਰਤਦਾ ਹੈ। ਅਸੀਂ ਵਿਲੱਖਣ ਪਿਛੋਕੜਾਂ ਅਤੇ ਵਿਸ਼ੇਸ਼ਤਾਵਾਂ ਦੀ ਕਦਰ ਕਰਦੇ ਹਾਂ ਅਤੇ ਹਰੇਕ ਕਰਮਚਾਰੀ ਦੀ ਵਧਣ-ਫੁੱਲਣ ਵਿੱਚ ਮਦਦ ਕਰਦੇ ਹਾਂ।

viii. **ਵਿਵਿਧ ਕਾਰਜ-ਬਲ**

ਅਸੀਂ ਸਰਗਰਮੀ ਨਾਲ ਅਜਿਹਾ ਕਾਰਜਬਲ ਵਿਕਸਿਤ ਕਰਦੇ ਹਾਂ ਜੋ ਬ੍ਰਿਟਿਸ਼ ਕੋਲੰਬੀਆ ਦੀ ਵਿਵਿਧਤਾ ਨੂੰ ਦਰਸਾਉਂਦਾ ਹੈ। ਅਸੀਂ ਸਮਝਦੇ ਹਾਂ ਕਿ ਪਿਛੋਕੜਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਸਾਡੇ ਸੰਗਠਨ ਨੂੰ ਮਜ਼ਬੂਤ ਕਰਦੀ ਹੈ।

ਇਹ ਸਿਧਾਂਤ ਸਾਡੀਆਂ ਦੋ ਵੱਖਰੀਆਂ ਪਰ ਆਪਸ ਵਿੱਚ ਜੁੜੀਆਂ ਦੂਰ-ਦ੍ਰਿਸ਼ਟੀਆਂ ਨੂੰ ਪ੍ਰਾਪਤ ਕਰਨ ਲਈ ਸਾਡੀ ਯਾਤਰਾ ਦੀ ਅਗਵਾਈ ਕਰਨਗੇ:

- ਬੀ.ਸੀ. ਦੇ ਸੂਬਾਈ ਪਾਰਕ ਤੁਹਾਨੂੰ ਸਾਰਿਆਂ ਨੂੰ ਜੀ ਆਇਆਂ ਕਹਿ ਰਹੇ ਹਨ।
- ਬੀ.ਸੀ. ਦੇ ਸੂਬਾਈ ਪਾਰਕ ਅਰਥਪੂਰਨ ਤੌਰ 'ਤੇ ਸਾਰਿਆਂ ਲਈ ਪਹੁੰਚਯੋਗ ਹਨ।

# ਸਾਡੀ ਦੂਰ-ਦ੍ਰਿਸ਼ਟੀ: ਬੀ.ਸੀ. ਦੇ ਸੂਬਾਈ ਪਾਰਕ ਤੁਹਾਨੂੰ ਸਾਰਿਆਂ ਨੂੰ ਜੀ ਆਇਆਂ ਕਹਿ ਰਹੇ ਹਨ

ਬ੍ਰਿਟਿਸ਼ ਕੋਲੰਬੀਆ ਬਹੁਤ ਸਾਰੀਆਂ ਵਿਵਿਧਤਾਵਾਂ ਵਾਲੇ ਲੋਕਾਂ ਦਾ ਘਰ ਹੈ। ਇਸ ਵਿੱਚ ਸੱਭਿਆਚਾਰ, ਨਸਲ, ਲਿੰਗ ਪਛਾਣ, ਲਿੰਗ, ਜਿਨਸੀ ਝੁਕਾਅ, ਧਰਮ, ਸਰੀਰਕ ਅਤੇ ਮਾਨਸਿਕ ਯੋਗਤਾਵਾਂ ਅਤੇ ਹੋਰ ਕਈ ਪਛਾਣਾਂ ਵਿੱਚ ਵਿਵਿਧਤਾ

ਸ਼ਾਮਲ ਹੈ। ਬੀ.ਸੀ. ਪਾਰਕਸ ਸੁਰੱਖਿਅਤ, ਸੁਆਗਤ ਕਰਨ ਵਾਲੀਆਂ ਥਾਵਾਂ ਬਣਾਉਣ ਦੀ ਕੋਸ਼ਿਸ਼ ਕਰਦਾ ਹੈ - ਉਹ ਥਾਵਾਂ ਜਿੱਥੇ ਹਰ ਕੋਈ ਆਪਣਾ ਅਸਲ ਰੂਪ ਬਣ ਸਕਦਾ ਹੈ।

ਬੀ.ਸੀ. ਪਾਰਕਸ ਅਤੇ ਸੂਬਾਈ ਪਾਰਕਾਂ ਦੀਆਂ ਥਾਵਾਂ ਨੂੰ ਸਾਰਿਆਂ ਨੂੰ ਜੀ ਆਇਆਂ ਕਹਿਣ ਵਾਲਾ ਬਣਾਉਣ ਦੀ ਸਾਡੀ ਦੂਰ-ਦ੍ਰਿਸ਼ਟੀ ਵਿੱਚ ਕੇਂਦ੍ਰਿਤ ਅਤੇ ਨਿਰੰਤਰ ਕਾਰਵਾਈ ਸ਼ਾਮਲ ਹੈ:

- ਸਮਾਵੇਸ਼ੀ ਅਤੇ ਵਿਵਿਧ ਭਾਸ਼ਾਈ ਅਤੇ ਸੱਭਿਆਚਾਰਕ ਸੰਬੰਧ।
- ਵਿਵਿਧ ਭਾਈਚਾਰਕ ਸੰਸਥਾਵਾਂ ਨਾਲ ਭਾਈਵਾਲੀ।
- ਬੀ.ਸੀ. ਪਾਰਕਸ ਵਿੱਚ ਸੰਮਿਲਨ ਵਾਲੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ।

## *ਸਮਾਵੇਸ਼ੀ ਅਤੇ ਵਿਵਿਧ ਭਾਸ਼ਾਈ ਅਤੇ ਸੱਭਿਆਚਾਰਕ ਸੰਬੰਧ*

### ਸਮਾਵੇਸ਼ੀ ਭਾਸ਼ਾ ਜੋ ਬੀ.ਸੀ. ਦੀ ਵਿਵਿਧਤਾ ਨੂੰ ਦਰਸਾਉਂਦੀ ਹੈ

ਬੀ.ਸੀ. ਪਾਰਕਸ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਭਾਸ਼ਾ ਬਦਲਦੀਆਂ ਸਮਾਜਕ ਕਦਰਾਂ-ਕੀਮਤਾਂ ਨੂੰ ਦਰਸਾਉਣ ਲਈ ਵਿਕਸਿਤ ਹੁੰਦੀ ਹੈ। ਅਸੀਂ ਸਾਰੇ ਲੋਕਾਂ ਨੂੰ ਪ੍ਰਤੀਬਿੰਬਤ ਕਰਨ ਵਾਲੀ ਸਮਾਵੇਸ਼ੀ ਭਾਸ਼ਾ ਦੀ ਵਰਤੋਂ ਕਰਨ ਲਈ ਵਚਨਬੱਧ ਹਾਂ। ਸਾਡੇ ਨਵੇਂ ਸੰਕੇਤ ਮਾਪਦੰਡਾਂ ਵਿੱਚ ਸਮਾਵੇਸ਼ੀ ਭਾਸ਼ਾ ਅਤੇ ਵਿਸ਼ਵ-ਵਿਆਪੀ ਪ੍ਰਤੀਕਾਂ ਦੀ ਵਰਤੋਂ ਕਰਨ ਲਈ ਮਾਰਗਦਰਸ਼ਨ ਸ਼ਾਮਲ ਹੋਵੇਗਾ। ਦ੍ਰਿਸ਼ਟ ਸਮੱਗਰੀ ਲਈ ਸਾਡੇ ਨਵੇਂ ਮਾਪਦੰਡ ਉਚਿਤ ਤੌਰ 'ਤੇ ਉਨ੍ਹਾਂ ਲੋਕਾਂ ਦੀ ਵਿਵਿਧਤਾ ਨੂੰ ਦਰਸਾਉਂਦੇ ਹਨ ਜੋ ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਆਉਂਦੇ ਹਨ ਅਤੇ ਉਨ੍ਹਾਂ ਦੀ ਦੇਖਭਾਲ ਕਰਦੇ ਹਨ।

### ਕਹਾਣੀ ਸੁਣਾਉਣ ਅਤੇ ਵਿਆਖਿਆ ਕਰਨ ਵਿੱਚ ਵਿਵਿਧ ਸੱਭਿਆਚਾਰਕ ਸੰਬੰਧਾਂ ਨੂੰ ਸਾਂਝਾ ਕਰਨਾ

ਬੀ.ਸੀ. ਦੇ ਸੂਬਾਈ ਪਾਰਕਾਂ ਦੇ ਅੰਦਰ ਸੁਰੱਖਿਅਤ ਜ਼ਮੀਨ ਨਾਲ ਸੱਭਿਆਚਾਰਕ ਸੰਬੰਧ ਅਤੀਤ ਵਿੱਚ ਫੈਲੇ ਹੋਏ ਹਨ ਅਤੇ ਅੱਜ ਵੀ ਜਾਰੀ ਹਨ। ਇਹ ਵੰਨ-ਸੁਵੰਨੇ ਅਤੇ ਸਦਾ-ਬਦਲਦੇ ਕਨੈਕਸ਼ਨ ਮਿਲ ਕੇ ਇੱਕ ਗੁੰਝਲਦਾਰ ਸੱਭਿਆਚਾਰਕ ਭੂਦ੍ਰਿਸ਼ ਬਣਾਉਂਦੇ ਹਨ ਜੋ ਬਸਤੀਵਾਦੀ ਕਨੈਕਸ਼ਨਾਂ ਤੋਂ ਪਰੇ ਤੱਕ ਫੈਲਦਾ ਹੈ ਜੋ ਕਿ ਅਕਸਰ ਬੀ.ਸੀ. ਵਿੱਚ ਇਤਿਹਾਸਕ ਬਿਰਤਾਂਤਾਂ ਵਿੱਚ ਸਭ ਤੋਂ ਅੱਗੇ ਰਹੇ ਹਨ।[12]

ਅਸੀਂ ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਸੁਆਗਤ ਅਤੇ ਅਰਥ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਉਸ ਸੱਚੀ ਜਟਿਲਤਾ ਨੂੰ ਦਰਸਾਉਣਾ ਚਾਹੁੰਦੇ ਹਾਂ। ਅਸੀਂ ਸਭਿਆਚਾਰਕ ਭੂਦ੍ਰਿਸ਼ਾਂ ਨੂੰ ਵਿਆਖਿਆਤਮਕ ਅਤੇ ਵਿਦਿਅਕ ਪ੍ਰੋਗਰਾਮਾਂ, ਕਹਾਣੀ ਸੁਣਾਉਣ ਅਤੇ ਸੰਕੇਤਾਂ ਵਰਗੀਆਂ ਪਹਿਲਕਦਮੀਆਂ ਵਿੱਚ ਸ਼ਾਮਲ ਕਰਨ ਲਈ ਭਾਈਚਾਰੇ ਦੇ ਮੈਂਬਰਾਂ ਨਾਲ ਕੰਮ ਕਰ ਰਹੇ ਹਾਂ। ਇਹ ਯਤਨ ਵਿਵਿਧ, ਆਪਸ ਵਿੱਚ ਜੁੜੇ ਅਤੇ ਗੁੰਝਲਦਾਰ ਰਿਸ਼ਤਿਆਂ ਦੀਆਂ ਕਹਾਣੀਆਂ ਨੂੰ ਸਾਂਝਾ ਕਰਨ ਵਿੱਚ ਮਦਦ ਕਰਨਗੇ ਜੋ ਅੱਜ ਵੀ ਜਾਰੀ ਹਨ।

## *ਵਿਵਿਧ ਭਾਈਚਾਰਕ ਸੰਸਥਾਵਾਂ ਨਾਲ ਭਾਈਵਾਲੀ*

ਬੀ.ਸੀ. ਪਾਰਕਸ ਸਰਗਰਮੀ ਨਾਲ ਬਹੁ-ਸੱਭਿਆਚਾਰਕ ਸੰਸਥਾਵਾਂ, ਮੂਲਵਾਸੀ, ਬਲੈਕ ਐਂਡ ਪੀਪਲ ਔਫ਼ ਕਲਰ (IBPOC) ਸੰਸਥਾਵਾਂ, 2SLGBTQ+ ਸਮੂਹਾਂ, ਫਸਟ ਨੇਸ਼ਨਜ਼ ਅਤੇ ਉਨ੍ਹਾਂ ਵਿਅਕਤੀਆਂ ਦਾ ਸਮਰਥਨ ਕਰਨ ਵਾਲੇ ਹੋਰ ਗਰੁੱਪਾਂ ਨਾਲ ਭਾਈਵਾਲੀ ਕਰਨ ਦੀ ਕੋਸ਼ਿਸ਼ ਕਰਦਾ ਹੈ ਜੋ ਰਵਾਇਤੀ ਤੌਰ 'ਤੇ ਬੀ.ਸੀ. ਪਾਰਕਸ ਵਿੱਚ ਸਹਿਜ ਮਹਿਸੂਸ ਨਹੀਂ ਕਰਦੇ ਜਾਂ ਜਿਨ੍ਹਾਂ ਨੂੰ ਬੀ.ਸੀ. ਪਾਰਕਸ ਤੱਕ ਪਹੁੰਚਣ ਵਿੱਚ ਰੁਕਾਵਟਾਂ ਪੇਸ਼ ਆਉਂਦੀਆਂ ਹਨ। ਇਸ ਵਿੱਚ ਬਰਾਬਰੀ ਦੇ ਹੱਕਦਾਰ ਸਮੂਹਾਂ ਦੇ ਤਜ਼ਰਬਿਆਂ ਬਾਰੇ ਸਾਡੀ ਸਮਝ ਨੂੰ ਵਧਾਉਣ 'ਤੇ ਕੇਂਦ੍ਰਿਤ ਕਮਿਊਨਿਟੀ-ਅਗਵਾਈ ਵਾਲੀ

[12] https://www2.gov.bc.ca/assets/gov/british-columbians-our-governments/our-history/historic-places/documents/culturalheritagepolicy_final.pdf

ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ

ਭਾਈਵਾਲੀਆਂ ਵਿੱਚ ਹਿੱਸਾ ਲੈਣਾ ਅਤੇ ਸੰਮਿਲਨ ਵਿੱਚ ਰੁਕਾਵਟਾਂ ਨੂੰ ਤੋੜਨ ਲਈ ਪ੍ਰੋਜੈਕਟਾਂ 'ਤੇ ਸਹਿਯੋਗ ਕਰਨਾ ਸ਼ਾਮਲ ਹੈ।

## *ਬੀ.ਸੀ. ਪਾਰਕਸ ਵਿੱਚ ਸੰਮਿਲਨ ਵਾਲੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ*

ਸਮਾਵੇਸ਼ੀ ਅਤੇ ਵਿਵਿਧ ਟੀਮਾਂ ਵੱਖ-ਵੱਖ ਤਰ੍ਹਾਂ ਦੇ ਵਿਚਾਰ, ਨਵੀਨਤਾ ਅਤੇ ਸਿਰਜਣਾਤਮਕਤਾ ਲਿਆਉਂਦੀਆਂ ਹਨ, ਅਤੇ ਜਨਤਕ ਵਿਸ਼ਵਾਸ ਬਣਾਉਣ ਵਿੱਚ ਮਦਦ ਕਰਦੀਆਂ ਹਨ ਕਿਉਂਕਿ ਟੀਮ ਉਸ ਭਾਈਚਾਰੇ ਦੀ ਨੁਮਾਇੰਦਗੀ ਕਰਦੀ ਹੈ ਜਿਸਨੂੰ ਇਹ ਸੇਵਾ ਮੁਹੱਈਆ ਕਰਦੀ ਹੈ।[13]

ਬੀ.ਸੀ. ਪਾਰਕਸ ਵਿੱਚ ਸੰਮਿਲਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ, ਅਸੀਂ ਪਛਾਣਿਆ ਹੈ ਕਿ ਕਰਮਚਾਰੀਆਂ ਸੂਚਿਤ ਕਰਨ ਅਤੇ ਮਾਰਗਦਰਸ਼ਨ ਕਰਨ ਵਿੱਚ ਮਦਦ ਕਰਨ ਦੇ ਯੋਗ ਹੋਣ। 2021 ਵਿੱਚ, ਅੰਦਰੂਨੀ ਬੀ.ਸੀ ਪਾਰਕਸ ਬਰਾਬਰੀ, ਵਿਵਿਧਤਾ ਅਤੇ ਸੰਮਿਲਨ ਸਲਾਹਕਾਰੀ ਕੌਂਸਲ ਦੀ ਸਥਾਪਨਾ ਕੀਤੀ ਗਈ ਸੀ। ਇਸ ਕੌਂਸਲ ਵਿੱਚ ਪੂਰੇ ਸੂਬੇ ਦੇ ਬੀ.ਸੀ. ਪਾਰਕਸ ਦੇ ਸਟਾਫ਼
ਮੈਂਬਰ ਸ਼ਾਮਲ ਹੁੰਦੇ ਹਨ ਜੋ ਵਿਵਿਧ ਤਜ਼ਰਬੇ ਲੈ ਕੇ ਆਉਂਦੇ ਹਨ। ਕੌਂਸਲ ਦਾ ਉਦੇਸ਼ ਏਜੰਸੀ ਵਿੱਚ ਬੀ.ਸੀ. ਪਾਰਕਸ ਦੀਆਂ EDI ਪਹਿਲਕਦਮੀਆਂ ਦਾ ਵਿਸਤਾਰ ਕਰਨਾ ਅਤੇ ਵਧਾਉਣਾ ਹੈ ਅਤੇ ਸਰਕਾਰ ਵਿੱਚ ਚੱਲ ਰਹੀਆਂ ਪੂਰਕ ਪਹਿਲਕਦਮੀਆਂ ਨਾਲ ਜੁੜਨਾ ਹੈ। *ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ* ਦੇ ਨਿਰੰਤਰ ਲਾਗੂਕਰਨ ਲਈ ਕੌਂਸਲ ਦਾ ਕੰਮ ਮਹੱਤਵਪੂਰਨ ਹੈ।

ਪਾਰਕ ਵਿੱਚ ਆਉਣ ਵਾਲਿਆਂ ਲਈ ਸੰਮਿਲਨ ਨੂੰ ਉਤਸ਼ਾਹਿਤ ਕਰਨ ਦਾ ਮਤਲਬ ਹੈ ਇੱਕ ਅਜਿਹਾ ਮਾਹੌਲ ਬਣਾਉਣਾ ਜਿੱਥੇ ਪਾਰਕ ਸਟਾਫ, ਪਾਰਕ ਓਪਰੇਟਰ, ਠੇਕੇਦਾਰ ਅਤੇ ਵਲੰਟੀਅਰ ਵੱਖੋ-ਵੱਖਰੇ ਅਨੁਭਵਾਂ ਵਾਲੇ ਸਹਿਕਰਮੀਆਂ ਅਤੇ ਪਾਰਕ ਵਿੱਛ ਆਉਣ ਵਾਲਿਆਂ ਨਾਲ ਭਰੋਸੇ ਅਤੇ ਸਤਿਕਾਰ ਨਾਲ ਕੰਮ ਕਰਦੇ ਹਨ।

ਅੱਗੇ ਗੱਲ ਕਰਦੇ ਹੋਏ, ਇਸ ਵਿੱਚ ਸ਼ਾਮਲ ਹਨ:

- ਬੀ.ਸੀ. ਪਾਰਕਸ ਦੇ ਸਟਾਫ਼, ਪਾਰਕ ਓਪਰੇਟਰਾਂ ਅਤੇ ਵਾਲੰਟੀਅਰਾਂ ਲਈ ਇੱਕ ਨਿਰੰਤਰ, ਟਿਕਾਊ ਅਤੇ ਇਕਸਾਰ EDI ਸਿਖਲਾਈ ਮਾਡਲ ਵਿਕਸਿਤ ਕਰਨਾ। ਸਿਖਲਾਈ ਵਿੱਚ ਸਮੁੱਚੀ ਭਾਸ਼ਾ, ਅਚੇਤ ਪੱਖਪਾਤ, ਅਤੇ ਸੱਭਿਆਚਾਰਕ ਸੰਵੇਦਨਸ਼ੀਲਤਾ 'ਤੇ ਧਿਆਨ ਕੇਂਦ੍ਰਿਤ ਕਰਨ ਦੇ ਨਾਲ ਪਹੁੰਚਯੋਗਤਾ ਅਤੇ ਸਮਾਵੇਸ਼ 'ਤੇ ਸਮਰਪਿਤ ਮੌਡਿਊਲ ਅਤੇ ਸਿੱਖਣ ਦੇ ਸਰੋਤ ਸ਼ਾਮਲ ਹੋਣਗੇ।
- ਨਵੇਂ ਅਤੇ ਮੌਜੂਦਾ ਭਾਈਵਾਲਾਂ ਤੋਂ *ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ* ਦੀ ਰਚਨਾ ਅਤੇ ਵਿਕਾਸ ਬਾਰੇ ਫੀਡਬੈਕ ਮੰਗਣ ਦੀ ਸਾਡੀ ਪ੍ਰਕਿਰਿਆ ਨੂੰ ਜਾਰੀ ਰੱਖਣਾ।
- ਵੱਖ-ਵੱਖ ਭਾਗੀਦਾਰਾਂ ਨੂੰ ਪਾਰਕ ਦੇ ਤਜ਼ਰਬਿਆਂ ਜਿਵੇਂ ਕਿ ਸਮਾਗਮਾਂ, ਪ੍ਰੋਗਰਾਮ ਵਿਕਾਸ, ਸਲਾਹ-ਮਸ਼ਵਰੇ, ਵਲੰਟੀਅਰਵਾਦ ਅਤੇ ਭਾਈਵਾਲੀਆਂ ਵਿੱਚ ਸ਼ਾਮਲ ਹੋਣ ਲਈ ਸਰਗਰਮੀ ਨਾਲ ਸੱਦਾ ਦੇਣਾ।
- ਇਹ ਪੱਕਾ ਕਰਨ ਲਈ ਇੱਕ ਢੰਗ ਤਿਆਰ ਕਰਨਾ ਕਿ ਪਾਰਕਾਂ ਵਿੱਚ ਨਫ਼ਰਤ ਜਾਂ ਨਸਲਵਾਦ ਦੀਆਂ ਘਟਨਾਵਾਂ ਨੂੰ ਅਸਾਨੀ ਨਾਲ ਰਿਪੋਰਟ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਹੱਲ ਕੀਤਾ ਜਾ ਸਕਦਾ ਹੈ।
- ਰੁਜ਼ਗਾਰ ਅਤੇ ਕਰਮਚਾਰੀਆਂ ਦੀ ਵਿਵਿਧਤਾ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਲਈ ਜਨਤਕ ਸੇਵਾ ਏਜੰਸੀ ਦੇ *ਜਿਸ ਨਾਲ ਅਸੀਂ ਸਾਰੇ ਸੰਬੰਧ ਰੱਖਦੇ ਹਾਂ: ਵਿਵਿਧਤਾ ਅਤੇ ਸ਼ਮੂਲੀਅਤ ਰਣਨੀਤੀ*[14] ਨਾਲ ਇਕਸਾਰ ਬਣਨ ਲਈ ਸਰਗਰਮੀ ਨਾਲ ਕੰਮ ਕਰਨਾ।

---

[13] ਸੰਮਿਲਨ ਅਤੇ ਵਿਵਿਧਤਾ – ਆਰਥਿਕ ਸਹਿਯੋਗ ਅਤੇ ਵਿਕਾਸ ਲਈ ਸੰਸਥਾ

[14] https://www2.gov.bc.ca/gov/content/careers-myhr/about-the-bc-public-service/diversity-inclusion/diversity-inclusion-strategy

ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ

- ਜਿੱਥੇ ਵੀ ਵਿਹਾਰਕ ਹੋਵੇ, ਲਿੰਗ-ਨਿਰਪੱਖ / ਯੂਨੀਵਰਸਲ ਸਹੂਲਤਾਂ (ਜਿਵੇਂ ਕਿ ਆਉਟਹਾਊਸ, ਚੇਂਜ ਰੂਮ ਅਤੇ ਬਾਥਰੂਮ ਦੀਆਂ ਇਮਾਰਤਾਂ) ਵਿੱਚ ਤਬਦੀਲੀ ਕਰਕੇ ਪਾਰਕ ਦੀਆਂ ਥਾਵਾਂ ਵਿੱਚ ਆਰਾਮ ਅਤੇ ਸੁਰੱਖਿਆ ਨੂੰ ਵਧਾਉਣ ਲਈ ਕਦਮ ਚੁੱਕਣੇ।
- ਬੀ.ਸੀ ਪਾਰਕਸ ਦੇ ਸਟਾਫ਼ ਨੂੰ ਅਪ੍ਰਤੱਖ ਪੱਖਪਾਤੀ ਸਿਖਲਾਈ ਦੀ ਪੇਸ਼ਕਸ਼ ਕਰਨਾ।

# ਕਾਰਵਾਈ ਵਿੱਚ ਸੰਮਿਲਨ

## ਸੁਆਗਤੀ ਚਿੰਨ੍ਹ

2021 ਵਿੱਚ ਬੀ.ਸੀ. ਪਾਰਕਸ ਨੇ ਫਰੰਟਕੰਟਰੀ ਪਾਰਕਾਂ ਵਿੱਚ 500 ਨਵੇਂ ਸੁਆਗਤੀ ਚਿੰਨ੍ਹ ਲਗਾਏ। ਇਹ ਬਰਾਬਰੀ ਅਤੇ ਸੰਮਿਲਨ ਲਈ ਸਾਡੀ ਲੰਬੇ ਸਮੇਂ ਦੀ ਵਚਨਬੱਧਤਾ ਵਿੱਚ ਪਹਿਲਾ ਕਦਮ ਹੈ। ਸ਼ੁਰੂਆਤੀ ਰੋਲ-ਆਉਟ ਦਾ ਫੋਕਸ ਸਾਰੇ ਖੇਤਰਾਂ ਵਿਚਲੇ ਪ੍ਰਸਿੱਧ ਪਾਰਕਾਂ 'ਤੇ ਸੀ। ਜਿਸ ਵਿੱਚ ਕੈਂਪਗ੍ਰਾਉਂਡਾਂ ਵਿੱਚ ਕਿਓਸਕਾਂ, ਦਿਨ-ਵਰਤੋਂ ਵਾਲੇ ਖੇਤਰਾਂ ਅਤੇ ਟ੍ਰੇਲਹੈੱਡਾਂ 'ਤੇ ਸੰਕੇਤ ਲਗਾਏ ਗਏ ਸਨ।

## ਕੁਦਰਤ ਵਿੱਚ ਰਹਿਣਾ ਸਿੱਖੋ

2022 ਵਿੱਚ ਬੀ.ਸੀ. ਪਾਰਕਸ ਨੇ ਕੈਨੇਡਾ ਵਿੱਚ ਨਵੇਂ ਆਉਣ ਵਾਲੇ ਲੋਕਾਂ ਲਈ ਬਾਹਰ ਸੁਰੱਖਿਅਤ ਢੰਗ ਨਾਲ ਮਨਪਰਚਾਵਾ ਕਰਨ ਦੇ ਤਰੀਕੇ ਸਿੱਖਣ ਲਈ ਇਮੀਗ੍ਰੈਂਟ ਐਂਡ ਮਲਟੀਕਲਚਰਲ ਸਰਵਿਸਿਜ਼ ਸੋਸਾਇਟੀ ਆਫ਼ ਪ੍ਰਿੰਸ ਜੋਰਜ ਨਾਲ ਭਾਈਵਾਲੀ ਕੀਤੀ ਹੈ। ਇਸ ਇਵੈਂਟ ਵਿੱਚ 10 ਭਾਈਵਾਲ ਸੰਸਥਾਵਾਂ ਦੇ 100 ਤੋਂ ਵੱਧ ਭਾਗੀਦਾਰ ਅਤੇ ਦੁਨੀਆ ਭਰ ਤੋਂ ਨਵੇਂ ਆਏ ਲੋਕ ਹਾਜ਼ਰ ਸਨ ਜਿਨ੍ਹਾਂ ਨੇ ਬਾਹਰ ਸੁਰੱਖਿਅਤ ਢੰਗ ਨਾਲ ਮਨਪਰਚਾਵਾ ਕਰਨ ਲਈ ਲੋੜੀਂਦਾ ਗਿਆਨ ਪ੍ਰਾਪਤ ਕੀਤਾ।

## ਐਲਿਸ ਲੇਕ ਸਟੋਰੀ ਟ੍ਰੇਲ

ਐਲਿਸ ਲੇਕ ਸਟੋਰੀ ਟ੍ਰੇਲ, Sḵwx̱wú7mesh ਲੋਕਾਂ ਦੇ ਰਵਾਇਤੀ ਖੇਤਰ 'ਤੇ ਸਥਿਤ, ਬੀ.ਸੀ. ਪਾਰਕਸ, ਬੀ.ਸੀ. ਪਾਰਕਸ ਫਾਉਂਡੇਸ਼ਨ, ਅਤੇ ਸਕੁਐਮਿਸ਼ ਰਾਸ਼ਟਰ ਵਿਚਕਾਰ ਇੱਕ ਭਾਈਵਾਲੀ ਹੈ। ਜਿਵੇਂ ਹੀ ਸੈਲਾਨੀ ਪਗਡੰਡੀ ਦੇ ਨਾਲ ਤੁਰਦੇ ਹਨ, Aya7Auylh Chet (ਸੱਭਿਆਚਾਰਕ ਯਾਤਰਾਵਾਂ - St'a7mes ਸਕੂਲ) ਵਿਖੇ ਵਿਦਿਆਰਥੀਆਂ ਦੀਆਂ ਕਹਾਣੀਆਂ ਸੁਣਨ ਲਈ QR ਕੋਡਾਂ ਵਾਲੇ 10 ਚਿੰਨ੍ਹਾਂ ਨੂੰ ਸਕੈਨ ਕੀਤਾ ਜਾ ਸਕਦਾ ਹੈ। ਉਹ ਇੱਕ ਸਥਾਨਕ Sḵwx̱wú7mesh ਗਿਆਨ ਰੱਖਿਅਕ ਤੋਂ ਰਵਾਇਤੀ ਚਿਕਿਤਸਕ ਪੌਦਿਆਂ ਬਾਰੇ ਪ੍ਰਾਪਤ ਹੋਈਆਂ ਸਿੱਖਿਆਵਾਂ ਨੂੰ ਸਾਂਝਾ ਕਰਦੇ ਹਨ।

## ਬੀ.ਸੀ. ਪਾਰਕਸ ਬਰਾਬਰੀ, ਵਿਵਿਧਤਾ ਅਤੇ ਸੰਮਿਲਨ ਲਈ ਸਟਾਫ ਦੀ ਸਿਖਲਾਈ

ਬੀ.ਸੀ. ਪਾਰਕਸ ਨੇ ਇੱਕ ਅਨੁਭਵੀ ਬਰਾਬਰੀ, ਵਿਵਿਧਤਾ ਅਤੇ ਸੰਮਿਲਨ ਸਿਖਲਾਈ ਵਰਕਸ਼ਾਪ ਤਿਆਰ ਕੀਤੀ ਹੈ ਜੋ ਕਿ ਸਾਰੇ ਪਾਰਕ ਰੇਂਜਰਾਂ ਸਮੇਤ ਬੀ.ਸੀ. ਪਾਰਕਸ ਦੇ ਸਾਰੇ ਸਟਾਫ਼ ਲਈ ਲਾਜ਼ਮੀ ਹੈ। ਇਹ 2-ਘੰਟੇ ਦੀ ਪਰਸਪਰ ਸੰਵਾਦਾਤਮਕ ਸਿਖਲਾਈ ਭਾਗੀਦਾਰਾਂ ਨੂੰ ਸਵੈ-ਚਿੰਤਨ ਕਰਨ ਅਤੇ ਇਕੱਠੇ ਸਿੱਖਣ ਲਈ ਉਤਸ਼ਾਹਿਤ ਕਰਦੀ ਹੈ।

# ਸਾਡੀ ਦੂਰ-ਦ੍ਰਿਸ਼ਟੀ: ਬੀ.ਸੀ. ਦੇ ਸੂਬਾਈ ਪਾਰਕ ਅਰਥਪੂਰਨ ਤੌਰ 'ਤੇ ਸਾਰਿਆਂ ਲਈ ਪਹੁੰਚਯੋਗ ਹਨ

ਬੀ.ਸੀ. ਪਾਰਕਸ ਵਿੱਚ, ਪਹੁੰਚਯੋਗਤਾ ਦਾ ਮਤਲਬ ਅਸਮਰਥਤਾਵਾਂ ਵਾਲੇ ਸਟਾਫ਼ ਅਤੇ ਸੈਲਾਨੀਆਂ ਲਈ ਸਰੀਰਕ ਰੁਕਾਵਟਾਂ ਨੂੰ ਦੂਰ ਕਰਨ ਤੋਂ ਕਿਤੇ ਜ਼ਿਆਦਾ ਕਰਨਾ ਹੈ। ਇਸਦਾ ਮਤਲਬ ਹੈ ਕਿ ਅਸੀਂ ਬੀ.ਸੀ. ਪਾਰਕਸ ਦੇ ਸਾਰੇ ਖੇਤਰਾਂ ਵਿੱਚ, ਯਾਤਰਾ ਦੀ ਯੋਜਨਾਬੰਦੀ, ਆਵਾਜਾਈ ਅਤੇ ਕੰਮ ਵਾਲੀ ਥਾਂ ਵਿੱਚ ਦਿਖਾਈ ਦੇਣ ਵਾਲੀਆਂ ਅਤੇ ਨਾ-ਦਿਖਾਈ ਦੇਣ ਵਾਲੀਆਂ ਰੁਕਾਵਟਾਂ ਨੂੰ ਹਟਾਉਣ ਲਈ ਕੰਮ ਕਰ ਰਹੇ ਹਾਂ। ਸਾਰਥਕ ਪਹੁੰਚ ਬਣਾਉਣਾ ਬੀ.ਸੀ. ਪਾਰਕਸ ਵਿੱਚ ਲੋਕਾਂ ਨੂੰ ਜੀ ਆਇਆਂ ਕਹਿੰਦਾ ਹੈ ਅਤੇ ਸਾਡੇ ਸੰਮਿਲਨ ਦੀ ਦੂਰ-ਦ੍ਰਿਸ਼ਟੀ ਮਜ਼ਬੂਤ ਕਰਦਾ ਹੈ।

ਪਹੁੰਚਯੋਗਤਾ ਸੰਮਿਲਨ ਦਾ ਇੱਕ ਮਹੱਤਵਪੂਰਨ ਨਤੀਜਾ ਹੈ। 91 ਫ਼ੀਸਦ ਕੈਨੇਡੀਅਨ ਸਹਿਮਤ ਹਨ ਕਿ ਪਹੁੰਚਯੋਗਤਾ ਇੱਕ ਵਿਸ਼ੇਸ਼ ਅਧਿਕਾਰ ਦੀ ਬਜਾਏ ਇੱਕ ਮਨੁੱਖੀ ਅਧਿਕਾਰ ਹੈ, ਅਤੇ 92 ਫ਼ੀਸਦ ਕੈਨੇਡੀਅਨ ਸਹਿਮਤ ਹਨ ਕਿ ਟੈਕਸਦਾਤਾ ਦੁਆਰਾ ਫੰਡ ਕੀਤੇ ਪ੍ਰੋਜੈਕਟਾਂ ਨੂੰ ਉੱਚਤਮ ਪਹੁੰਚਯੋਗਤਾ ਮਾਪਦੰਡਾਂ 'ਤੇ ਰੱਖਿਆ ਜਾਣਾ ਚਾਹੀਦਾ ਹੈ।[15]

ਬੀ.ਸੀ. ਪਾਰਕਸ ਨੂੰ ਸਾਰਿਆਂ ਲਈ ਅਰਥਪੂਰਣ ਪਹੁੰਚਯੋਗ ਬਣਾਉਣ ਵਿੱਚ ਇਨ੍ਹਾਂ ਵੱਲ ਧਿਆਨ ਕੇਂਦ੍ਰਿਤ ਕਰਨ ਅਤੇ ਨਿਰੰਤਰ ਕਾਰਵਾਈ ਸ਼ਾਮਲ ਹੈ:

- ਪਹੁੰਚਯੋਗ ਸਹੂਲਤਾਂ।
- ਡਿਜੀਟਲ ਸੇਵਾਵਾਂ ਅਤੇ ਪ੍ਰੋਗਰਾਮਿੰਗ ਲਈ ਵਰਤੋਂਕਾਰ-ਕੇਂਦਰਿਤ ਡਿਜ਼ਾਈਨ।
- ਪਹੁੰਚਯੋਗਤਾ ਲਈ ਭਾਈਵਾਲੀਆਂ।
- ਪਾਰਕਾਂ ਦਾ ਦੌਰਾ ਕਰਨ ਲਈ ਵਿੱਤੀ ਸਹਾਇਤਾ।

## *ਪਹੁੰਚਯੋਗ ਸਹੂਲਤਾਂ*

ਬੀ.ਸੀ. ਪਾਰਕਸ ਬੁਨਿਆਦੀ ਆਧਾਰ 'ਤੇ ਪਾਰਕਾਂ ਵਿੱਚ ਪਹੁੰਚਯੋਗਤਾ ਨੂੰ ਉਤਸ਼ਾਹਿਤ ਕਰਨ ਵਿੱਚ ਅਗਵਾਈ ਕਰਦਾ ਰਿਹਾ ਹੈ, ਅਤੇ ਇਹ ਅਜੇ ਵੀ ਜਾਰੀ ਹੈ ਕਿ ਦਿੱਖ ਅਤੇ ਅਦਿੱਖ ਅਸਮਰਥਤਾਵਾਂ ਵਾਲੇ ਲੋਕਾਂ ਨੂੰ ਬਾਹਰੀ ਗਤੀਵਿਧੀਆਂ ਦਾ ਆਨੰਦ ਲੈਣ ਦਾ ਅਧਿਕਾਰ ਹੈ ਅਤੇ ਹੋਣਾ ਚਾਹੀਦਾ ਹੈ।

ਇਸ ਵਚਨਬੱਧਤਾ ਵਿੱਚ ਸਹਾਇਤਾ ਕਰਨ ਲਈ, ਬੀ.ਸੀ. ਪਾਰਕਸ ਨੇ 2015 ਵਿੱਚ ਇੱਕ ਪਹੁੰਚਯੋਗਤਾ ਸਲਾਹਕਾਰ ਕਮੇਟੀ ਦੀ ਸਥਾਪਨਾ ਕੀਤੀ ਸੀ। ਮੈਂਬਰ ਸੰਸਥਾਵਾਂ ਵਿੱਚ ਸ਼ਾਮਲ ਹਨ SPARC BC, ਡਿਸਏਬਿਲਟੀ ਅਲਾਇੰਸ ਬੀਸੀ, ਬੀ.ਸੀ. ਐਬਓਰਿਜਿਨਲ ਨੈੱਟਵਰਕ ਔਨ ਡਿਸਏਬਿਲਿਟੀ ਸੋਸਾਇਟੀ, ਅਤੇ ਪਾਵਰ ਟੂ ਬੀ। ਕਮੇਟੀ ਦਾ ਉਦੇਸ਼ ਅਸਮਰਥਤਾ ਵਾਲੇ ਸੈਲਾਨੀਆਂ ਲਈ ਸੂਬਾਈ ਪਾਰਕ ਦੇ ਤਜ਼ਰਬਿਆਂ ਨੂੰ ਸੁਆਗਤੀ ਅਤੇ ਆਨੰਦਦਾਇਕ ਬਣਾਉਣ ਲਈ ਸਲਾਹ ਅਤੇ ਵਿਚਾਰ ਮੁਹੱਈਆ ਕਰਨਾ ਹੈ।

ਬੀ.ਸੀ. ਪਾਰਕਸ ਨੇ ਸਾਰੀਆਂ 330 ਫਰੰਟਕੰਟਰੀ[16] ਪਾਰਕ ਸਾਈਟਾਂ ਲਈ ਪਹੁੰਚਯੋਗਤਾ ਆਡਿਟ ਨੂੰ ਪੂਰਾ ਕਰ ਲਿਆ ਹੈ ਅਤੇ ਬੀ.ਸੀ. ਪਾਰਕਸ ਸਥਾਵਾਂ ਤੱਕ ਪਹੁੰਚ ਵਿੱਚ ਰੁਕਾਵਟਾਂ ਦੀ ਪਛਾਣ ਕਰਨ ਲਈ SPARC BC ਦੇ ਨਾਲ ਭਾਈਵਾਲੀ ਵਿੱਚ ਗਤੀਸ਼ੀਲਤਾ-ਸੰਬੰਧਤ ਅਸਮਰਥਤਾਵਾਂ ਵਾਲੇ 20,000 ਬ੍ਰਿਟਿਸ਼ ਕੋਲੰਬੀਅਨਾਂ ਦਾ ਸਰਵੇਖਣ ਕੀਤਾ ਹੈ। ਪਾਰਕ

[15] https://www.rickhansen.com/sites/default/files/press-release/2021-11/rhfpostelectioneng.pdf

[16] ਫਰੰਟਕੰਟਰੀ ਦਾ ਮਤਲਬ ਹੈ ਪਾਰਕ ਵਿੱਚ ਇੱਕ ਖੇਤਰ ਜਾਂ ਪਾਰਕ ਰੋਡ ਜਾਂ ਹਾਈਵੇਅ ਦੀ ਸੈਂਟਰ ਲਾਈਨ ਦੇ ਦੋਵੇਂ ਪਾਸੇ ਇੱਕ ਕਿਲੋਮੀਟਰ ਦੇ ਅੰਦਰ ਮਨੋਰੰਜਨ ਖੇਤਰ। ਫਰੰਟਕੰਟਰੀ ਕੈਂਪਸਾਈਟਾਂ ਆਮ ਤੌਰ 'ਤੇ ਵਾਹਨ ਦੁਆਰਾ ਪਹੁੰਚਯੋਗ ਹੁੰਦੀਆਂ ਹਨ ਅਤੇ ਮਨੋਨੀਤ ਕੈਂਪ ਸਾਈਟਾਂ, ਸਹੂਲਤਾਂ ਅਤੇ ਮਨੋਰੰਜਨ ਦੇ ਮੌਕੇ ਮੁਹੱਈਆ ਕਰਦੀਆਂ ਹਨ।

ਸਾਈਟਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਵਿੱਚ ਮਦਦ ਕਰਨ ਲਈ ਤਿਆਰ ਕੀਤੀ ਖੋਜ ਵਿੱਚ ਇਹ ਸਿਰਫ਼ ਪਹਿਲਾ ਕਦਮ ਹੈ। ਸਮੇਂ ਦੇ ਨਾਲ, ਬੀ.ਸੀ. ਪਾਰਕਸ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸਾਰੇ ਫਰੰਟਕੰਟਰੀ ਕੈਂਪਗ੍ਰਾਉਂਡਾਂ ਅਤੇ ਦਿਨ ਵਿੱਚ ਵਰਤੋਂ ਵਾਲੇ ਖੇਤਰਾਂ ਵਿੱਚ ਪਹੁੰਚਯੋਗ ਕੈਂਪ ਸਾਈਟਾਂ, ਪਖਾਨੇ, ਕੁਦਰਤੀ ਵਿਸ਼ੇਸ਼ਤਾਵਾਂ, ਅਤੇ ਪਾਰਕਿੰਗ ਖੇਤਰ ਹੋਣ।

ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਡਿਜ਼ਾਈਨ ਪ੍ਰਾਥਮਿਕਤਾਵਾਂ, ਜਿਵੇਂ ਕਿ ਆਡਿਟ ਅਤੇ ਸਰਵੇਖਣ ਦੇ ਨਤੀਜਿਆਂ ਦੁਆਰਾ ਨਿਰਧਾਰਿਤ ਕੀਤੀਆਂ ਗਈਆਂ ਹਨ, ਵਿੱਚ ਪਾਰਕ ਦੀਆਂ ਵਿਸ਼ੇਸ਼ਤਾਵਾਂ ਲਈ ਬੱਜਰੀ ਮਾਰਗਾਂ ਨੂੰ ਅੱਪਗ੍ਰੇਡ ਕਰਨਾ ਅਤੇ ਪਾਰਕਿੰਗ ਅਤੇ ਟਾਇਲਟ ਸਹੂਲਤਾਂ ਵਿੱਚ ਸੁਧਾਰ ਕਰਨਾ ਸ਼ਾਮਲ ਹੈ। ਸਰਵਵਿਆਪੀ ਡਿਜ਼ਾਈਨ ਸੰਕੇਤਾਂ ਅਤੇ ਰਸਤਾ ਲੱਭਣ ਲਈ ਦਿਸ਼ਾ-ਨਿਰਦੇਸ਼ਾਂ ਨੂੰ ਵੀ ਤਰਜੀਹ ਦਿੰਦਾ ਹੈ, ਉਦਾਹਰਨ ਲਈ ਕਮਜ਼ੋਰੀ ਦ੍ਰਿਸ਼ਟੀ ਵਾਲੇ ਲੋਕਾਂ ਲਈ ਦਿੱਖ ਅੱਪਗ੍ਰੇਡ ਅਤੇ ਲਿਖਤੀ ਸਮੱਗਰੀ ਦੀਆਂ ਰੁਕਾਵਟਾਂ ਨੂੰ ਘਟਾਉਣ ਲਈ ਪ੍ਰਤੀਕਾਂ ਦੀ ਵਰਤੋਂ।

ਆਡਿਟ ਅਤੇ ਸਰਵੇਖਣ ਦੇ ਨਤੀਜਿਆਂ ਨੇ ਪਛਾਣ ਕੀਤੀ ਹੈ ਕਿ ਅਸਮਰਥ ਵਿਅਕਤੀਆਂ ਦੁਆਰਾ ਵਰਤੀਆਂ ਜਾਂਦੀਆਂ ਪਾਰਕ ਸਾਈਟਾਂ ਅਕਸਰ ਰਿਹਾਇਸ਼ੀ ਇਲਾਕਿਆਂ ਦੇ ਨੇੜੇ ਹੁੰਦੀਆਂ ਹਨ। ਅੱਗੇ ਵਧਦੇ ਹੋਏ, ਵੱਡੇ ਰਿਹਾਇਸ਼ੀ ਇਲਾਕਿਆਂ ਦੇ ਨੇੜੇ ਪਾਰਕਾਂ ਵਿੱਚ ਪਹੁੰਚਯੋਗ ਬੁਨਿਆਦੀ ਢਾਂਚੇ ਅੱਪਗ੍ਰੇਡ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ।

2021/2022 ਵਿੱਚ, ਪ੍ਰਾਂਤ ਨੇ ਬਾਹਰੀ ਮਨੋਰੰਜਨ ਦੇ ਮੌਕਿਆਂ ਨੂੰ ਵਧਾਉਣ ਅਤੇ ਬਿਹਤਰ ਬਣਾਉਣ ਲਈ $21.5 ਮਿਲੀਅਨ (ਤਿੰਨ ਸਾਲਾਂ ਦੌਰਾਨ) ਦਾ ਨਿਵੇਸ਼ ਕੀਤਾ, ਜਿਸ ਵਿੱਚ ਨਵੀਆਂ ਕੈਂਪ ਸਾਈਟਾਂ ਅਤੇ ਪਗਡੰਡੀਆਂ ਅਤੇ ਸਹੂਲਤਾਂ ਨੂੰ ਅੱਪਗ੍ਰੇਡ ਕਰਨਾ ਸ਼ਾਮਲ ਹੈ। *ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ*ਦੇ ਸਿਧਾਂਤਾਂ ਵਿੱਚੋਂ ਇੱਕ ਵਜੋਂ, ਸਰਵਵਿਆਪੀ ਡਿਜ਼ਾਈਨ ਜਿੱਥੇ ਵੀ ਸੰਭਵ ਹੋਵੇ, ਸੁਵਿਧਾ ਨਿਵੇਸ਼ ਲਈ ਮਾਰਗਦਰਸ਼ਨ ਕਰਦਾ ਹੈ।

ਅੱਗੇ ਦੇਖਦੇ ਹੋਏ, ਸਰਵਵਿਆਪੀ ਡਿਜ਼ਾਈਨ ਦੇ ਪ੍ਰਮੁੱਖ ਅਭਿਆਸਾਂ ਦੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਵੇਗੀ ਅਤੇ ਬੀ.ਸੀ. ਪਾਰਕਸ ਦੇ ਸੁਵਿਧਾ ਮਿਆਰ ਉਸ ਅਨੁਸਾਰ ਅੱਪਡੇਟ ਕੀਤੇ ਜਾਣਗੇ।

## *ਡਿਜੀਟਲ ਸੇਵਾਵਾਂ ਲਈ ਵਰਤੋਂਕਾਰ-ਕੇਂਦਰਿਤ ਡਿਜ਼ਾਈਨ*

ਬੀ.ਸੀ. ਪਾਰਕਸ ਦੇ ਨਾਲ ਬਾਹਰੀ ਅਨੁਭਵ ਦੀ ਮੰਗ ਕਰਨ ਵਾਲੇ ਬਹੁਤ ਸਾਰੇ ਲੋਕਾਂ ਦੀ ਯਾਤਰਾ BCParks.ca ਨਾਲ ਆਨਲਾਈਨ ਸ਼ੁਰੂ ਹੁੰਦੀ ਹੈ। ਲਾਭਦਾਇਕ ਹੋਣ ਲਈ, ਜਾਣਕਾਰੀ ਨੂੰ ਅਜਿਹੇ ਤਰੀਕੇ ਨਾਲ ਸੰਚਾਰਿਤ ਕੀਤਾ ਜਾਣਾ ਚਾਹੀਦਾ ਹੈ ਜਿਸ ਵਿੱਚ ਲੋਕਾਂ ਦੁਆਰਾ ਜਾਣਕਾਰੀ ਨੂੰ ਸਮਝਣ ਅਤੇ ਪਹੁੰਚ ਕਰਨ ਦੇ ਬਹੁਤ ਸਾਰੇ ਵੱਖ-ਵੱਖ ਤਰੀਕਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਬੀ.ਸੀ. ਪਾਰਕਸ ਬੀ.ਸੀ.ਸਰਕਾਰ ਦੇ ਡਿਜੀਟਲ ਸਿਧਾਂਤਾਂ ਦੀ ਪਾਲਣਾ ਕਰਦੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਮਨੁੱਖੀ-ਕੇਂਦ੍ਰਿਤ ਡਿਜ਼ਾਈਨ ਅਭਿਆਸਾਂ ਨੂੰ ਲਾਗੂ ਕਰਨਾ,[17]
- ਲੋਕਾਂ ਨਾਲ ਸਿੱਧਾ ਕੰਮ ਕਰਨਾ, ਅਤੇ
- ਪਹੁੰਚਯੋਗਤਾ, ਸੰਮਿਲਨ, ਬਰਾਬਰੀ, ਅਤੇ ਨੈਤਿਕਤਾ ਦੇ ਉੱਚੇ ਮਿਆਰਾਂ ਨੂੰ ਪੂਰਾ ਕਰਨ ਲਈ ਯਤਨਸ਼ੀਲ ਹੋਣਾ[18]।

ਸਾਡੇ ਮਹਿਮਾਨਾਂ ਲਈ ਪਹੁੰਚਯੋਗ, ਵਰਤੋਂ ਵਿੱਚ ਆਸਾਨ, ਅਰਥਪੂਰਨ ਔਨਲਾਈਨ ਸੇਵਾਵਾਂ ਦੇ ਮਹੱਤਵ ਨੂੰ ਪਛਾਣਦੇ ਹੋਏ, ਬੀ.ਸੀ. ਪਾਰਕਸ ਨੇ ਨਵੀਂ, ਵਧੇਰੇ ਸਮਾਵੇਸ਼ੀ, ਡਿਜੀਟਲ ਸੇਵਾਵਾਂ ਦੇ ਮੁੜ ਡਿਜ਼ਾਈਨ ਅਤੇ ਸੁਧਾਰ ਵਿੱਚ ਹਿੱਸਾ ਲੈਣ ਲਈ ਲੋਕਾਂ ਨੂੰ ਸੱਦਾ ਦੇਣ ਦਾ ਇੱਕ ਨਿਰੰਤਰ ਅਭਿਆਸ ਸਥਾਪਤ ਕੀਤਾ ਹੈ।

---

[17] ਮਨੁੱਖੀ-ਕੇਂਦ੍ਰਿਤ ਡਿਜ਼ਾਈਨ ਸਮੱਸਿਆ-ਹੱਲ ਕਰਨ ਵਾਲੀ ਪਹੁੰਚ ਨੂੰ ਦਰਸਾਉਂਦਾ ਹੈ ਜੋ ਸਮੱਸਿਆ ਦੁਆਰਾ ਪ੍ਰਭਾਵਿਤ ਲੋਕਾਂ ਦੇ ਦ੍ਰਿਸ਼ਟੀਕੋਣਾਂ ਨੂੰ ਸ਼ਾਮਲ ਕਰਕੇ ਹੱਲ ਵਿਕਸਿਤ ਕਰਦਾ ਹੈ।

[18] https://digital.gov.bc.ca/resources/digital-principles

ਅਸੀਂ ਮੰਨਦੇ ਹਾਂ ਕਿ ਬੀ.ਸੀ. ਦੇ ਸੂਬਾਈ ਪਾਰਕਾਂ ਨੂੰ ਪਹੁੰਚਯੋਗ ਬਣਾਉਣਾ ਸਾਡੇ ਮਹਿਮਾਨਾਂ ਦੇ ਘਰੋਂ ਨਿਕਲਣ ਤੋਂ ਪਹਿਲਾਂ ਸ਼ੁਰੂ ਹੋ ਜਾਂਦਾ ਹੈ। ਅਸੀਂ ਬਰਾਬਰੀ ਦੇ ਹੱਕਦਾਰ ਭਾਈਵਾਲਾਂ ਤੋਂ ਸੁਣਿਆ ਹੈ ਕਿ ਸਾਡੇ ਪਾਰਕਾਂ ਬਾਰੇ ਸਪੱਸ਼ਟ ਅਤੇ ਵਿਸਤ੍ਰਿਤ ਜਾਣਕਾਰੀ, ਅਤੇ ਸਾਡੀ ਵੈੱਬਸਾਈਟ 'ਤੇ ਉਨ੍ਹਾਂ ਦੀਆਂ ਪਹੁੰਚਯੋਗ ਵਿਸ਼ੇਸ਼ਤਾਵਾਂ ਦਾ ਹੋਣਾ ਕਿੰਨਾ ਮਹੱਤਵਪੂਰਨ ਹੈ। ਇੱਕ ਕੋਸ਼ਿਸ਼ ਜੋ ਸਾਡੀਆਂ ਸਾਰੀਆਂ ਔਨਲਾਈਨ ਸੰਪਤੀਆਂ ਤੱਕ ਵਿਸਤਾਰ ਕਰੇਗੀ, ਸਾਡੀ ਵੈੱਬਸਾਈਟ ਦੇ ਬਹੁਤ ਸਾਰੇ ਪੰਨਿਆਂ ਵਿੱਚ ਹੁਣ ਬਿਹਤਰ ਪਹੁੰਚਯੋਗਤਾ ਜਾਣਕਾਰੀ ਸ਼ਾਮਲ ਹੈ। BCparks.ca/accessibility/ 'ਤੇ ਲੋਕ ਆਪਣੀ ਯਾਤਰਾ ਦੀ ਯੋਜਨਾ ਬਣਾਉਣ ਵਿੱਚ ਮਦਦ ਲਈ ਪਹੁੰਚਯੋਗਤਾ ਜਾਣਕਾਰੀ, ਫ਼ੋਟੋਆਂ ਅਤੇ ਵਰਣਨ ਦੀ ਸਮੀਖਿਆ ਕਰ ਸਕਦੇ ਹਨ। ਪਾਰਕ ਸਾਈਟਾਂ ਬਾਰੇ ਖਾਸ ਜਾਣਕਾਰੀ ਦੇ ਨਾਲ, ਲੋਕ ਆਪਣੇ ਸਾਹਸ ਦੀ ਯੋਜਨਾ ਬਣਾਉਂਦੇ ਸਮੇਂ ਅਜਿਹੇ ਪਾਰਕ ਦੀ ਚੋਣ ਕਰ ਸਕਦੇ ਹਨ ਜੋ ਉਨ੍ਹਾਂ ਦੀਆਂ ਵਿਲੱਖਣ ਲੋੜਾਂ – ਭੌਤਿਕ ਪਹੁੰਚਯੋਗਤਾ ਦੇ ਵਿਚਾਰਾਂ ਸਮੇਤ – ਨੂੰ ਪੂਰਾ ਕਰਦਾ ਹੈ।

ਇਸ ਤੋਂ ਇਲਾਵਾ, 2021 ਦੀ ਬਸੰਤ ਵਿੱਚ ਬੀ.ਸੀ. ਪਾਰਕਸ ਨੇ ਇੱਕ ਨਵੀਂ ਰਿਜ਼ਰਵੇਸ਼ਨ ਸੇਵਾ ਸ਼ੁਰੂ ਕਰਕੇ ਵਰਤੋਂਕਾਰ ਫੀਡਬੈਕ ਦਾ ਜਵਾਬ ਦਿੱਤਾ ਜੋ ਔਨਲਾਈਨ ਸੈਲਾਨੀਆਂ ਲਈ ਇੱਕ ਬਿਹਤਰ ਅਨੁਭਵ ਨੂੰ ਸਮਰੱਥ ਬਣਾਉਣ ਲਈ ਇੱਕ ਵਧੇਰੇ ਵਰਤੋਂਕਾਰ-ਅਨੁਕੂਲ ਇੰਟਰਫੇਸ ਅਤੇ ਲਚਕਦਾਰ ਖੋਜ ਵਿਕਲਪ ਪੇਸ਼ ਕਰਦਾ ਹੈ।

ਅੱਗੇ ਵੱਧਦੇ ਹੋਏ, BC ਪਾਰਕਸ ਹੇਠਾਂ ਦਿੱਤੇ ਦੁਆਰਾ ਜਾਣਕਾਰੀ ਨੂੰ ਵਧੇਰੇ ਪਹੁੰਚਯੋਗ ਅਤੇ ਨੈਵੀਗੇਟ ਕਰਨ ਵਿੱਚ ਆਸਾਨ ਬਣਾਏਗਾ:

- ਵੈੱਬ ਸਮੱਗਰੀ ਪਹੁੰਚਯੋਗਤਾ ਦਿਸ਼ਾ-ਨਿਰਦੇਸ਼ ਪੱਧਰ AA (WCAG AA) ਅੰਤਰਰਾਸ਼ਟਰੀ ਮਾਪਦੰਡਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਕੇ ਸਮੁੱਚੀ ਵੈੱਬਸਾਈਟ ਪਹੁੰਚਯੋਗਤਾ ਵਿੱਚ ਸੁਧਾਰ ਕਰਨਾ।
- ਜਿੱਥੇ ਉਚਿਤ ਹੋਵੇ ਉੱਥੇ ਸਾਦੀ ਭਾਸ਼ਾ ਵਿੱਚ ਲਿਖਣਾ ਅਤੇ ਗ੍ਰਾਫਿਕ ਆਈਕਨਾਂ ਦੀ ਵਰਤੋਂ ਕਰਨੀ ਜੋ ਲਿਖਤੀ ਸ਼ਬਦ ਦੀ ਥਾਂ ਲੈਣ।
- BC Sans ਟਾਈਪਫੇਸ ਦੀ ਲਗਾਤਾਰ ਵਰਤੋਂ[19] ਖਾਸ ਤੌਰ 'ਤੇ ਪੜ੍ਹਨਯੋਗਤਾ ਨੂੰ ਬਿਹਤਰ ਬਣਾਉਣ ਅਤੇ ਬੀ.ਸੀ. ਵਿੱਚ ਮੂਲਵਾਸੀ ਭਾਸ਼ਾਵਾਂ ਦਾ ਸਮਰਥਨ ਕਰਨ ਲਈ ਤਿਆਰ ਕੀਤੀ ਗਈ ਹੈ।
- ਪ੍ਰਕਾਸ਼ਨਾਂ ਨੂੰ ਕਈ ਭਾਸ਼ਾਵਾਂ ਅਤੇ ਫਾਰਮੈਟਾਂ ਵਿੱਚ ਉਪਲਬਧ ਕਰਵਾਉਣ ਲਈ ਮਿਆਰਾਂ ਦਾ ਵਿਕਾਸ ਕਰਨਾ ਜਿਸ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ ਪਰ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ: ਅਮਰੀਕੀ ਸੈਨਤ ਭਾਸ਼ਾ, ਬ੍ਰੇਲ, ਸਧਾਰਨ ਲਿਖਤ।
- ਔਨਲਾਈਨ ਅਤੇ ਪਾਰਕ ਵਿੱਚ ਪਾਰਕ ਦੇ ਨਕਸ਼ਿਆਂ 'ਤੇ ਪਹੁੰਚਯੋਗਤਾ ਆਡਿਟ ਜਾਣਕਾਰੀ ਨੂੰ ਏਕੀਕ੍ਰਿਤ ਕਰਨਾ।
- ਪਾਰਕਾਂ ਵਿੱਚ ਪਹੁੰਚਯੋਗ ਵਿਸ਼ੇਸ਼ਤਾਵਾਂ ਨੂੰ ਦਿਖਾਉਂਦੇ ਹੋਏ, ਰਿਜ਼ਰਵੇਸ਼ਨ ਪ੍ਰਣਾਲੀ ਵਿੱਚ ਪਹੁੰਚਯੋਗਤਾ ਆਡਿਟ ਜਾਣਕਾਰੀ ਸ਼ਾਮਲ ਕਰਨੀ।
- ਸਕ੍ਰੀਨ ਰੀਡਰਾਂ ਦਾ ਸਮਰਥਨ ਕਰਨ ਲਈ ਸੋਸ਼ਲ ਮੀਡੀਆ ਅਤੇ ਸਾਰੇ ਡਿਜੀਟਲ ਸੰਚਾਰ 'ਤੇ ਵਿਕਲਪਿਕ ਲਿਖਤ (Alt Text)[20] ਨੂੰ ਏਕੀਕ੍ਰਿਤ ਕਰਨਾ।[21]
- ਬੀ.ਸੀ. ਪਾਰਕਸ ਸੰਕੇਤਾਂ ਦੇ ਮਿਆਰ ਨੂੰ ਵਧੀ ਹੋਈ ਪਹੁੰਚਯੋਗਤਾ ਲਈ ਬਿਹਤਰ ਬਣਾਉਣਾ।
- ਬੀ.ਸੀ. ਪਾਰਕਸ ਦੀਆਂ ਸਾਰੀਆਂ ਡਿਜ਼ਾਈਨ ਕੀਤੀਆਂ ਗਤੀਵਿਧੀਆਂ ਅਤੇ ਪ੍ਰੋਗਰਾਮਿੰਗ ਵਿੱਚ ਸਰਵਵਿਆਪੀ ਡਿਜ਼ਾਈਨ ਸਿਧਾਂਤਾਂ ਨੂੰ ਸ਼ਾਮਲ ਕਰਨਾ।

---

[19] BC Sans ਟਾਈਪਫੇਸ ਬਾਰੇ ਹੋਰ ਜਾਣਕਾਰੀ ਲਈ https://www2.gov.bc.ca/gov/content/governments/services-for-government/policies-procedures/bc-visual-identity/bc-sans ਦੇਖੋ।

[20] ਵਿਕਲਪਕ ਲਿਖਤ ਇੱਕ ਚਿੱਤਰ ਦਾ ਇੱਕ ਛੋਟਾ, ਲਿਖਤੀ ਵਰਣਨ ਹੁੰਦਾ ਹੈ।

[21] ਸਕ੍ਰੀਨ ਰੀਡਰ ਉਹ ਸਾਫਟਵੇਅਰ ਪ੍ਰੋਗਰਾਮ ਹਨ ਜੋ ਨੇਤਰਹੀਣ ਜਾਂ ਕਮਜ਼ੋਰ ਨਜ਼ਰ ਵਾਲੇ ਵਰਤੋਂਕਾਰਾਂ ਨੂੰ ਸਪੀਚ ਸਿੰਥੇਸਾਈਜ਼ਰ ਜਾਂ ਬ੍ਰੇਲ ਡਿਸਪਲੇਅ ਨਾਲ ਕੰਪਿਊਟਰ ਸਕ੍ਰੀਨ 'ਤੇ ਪ੍ਰਦਰਸ਼ਿਤ ਟੈਕਸਟ ਨੂੰ ਪੜ੍ਹਨ ਦੀ ਸਹੂਲਤ ਦਿੰਦੇ ਹਨ।

## *ਪਹੁੰਚਯੋਗਤਾ ਲਈ ਭਾਈਵਾਲੀਆਂ*

### ਅਨੁਕੂਲ ਉਪਕਰਣ ਭਾਈਵਾਲੀਆਂ

ਜਿੱਥੇ ਪਾਰਕ ਦੇ ਖੇਤਰ ਨੂੰ ਬਦਲਿਆ ਨਹੀਂ ਜਾਣਾ ਚਾਹੀਦਾ ਹੈ ਜਾਂ ਵਾਜਬ ਤੌਰ 'ਤੇ ਬਦਲਿਆ ਨਹੀਂ ਜਾ ਸਕਦਾ ਹੈ, ਅਨੁਕੂਲਿਤ ਉਪਕਰਨ, ਜਿਵੇਂ ਕਿ ਪਗਡੰਡੀ ਲਈ ਤਿਆਰ ਕੀਤੀਆਂ ਗਈਆਂ ਵ੍ਹੀਲਚੇਅਰਾਂ, ਅਨੁਕੂਲ ਪੈਡਲ ਬੋਰਡ, ਅਤੇ ਅਨੁਕੂਲ ਪਹਾੜੀ ਬਾਈਕਾਂ ਪਹੁੰਚਯੋਗਤਾ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦੇ ਹਨ। ਬੀ.ਸੀ. ਪਾਰਕਸ ਕਮਿਊਨਿਟੀ-ਪੱਧਰ ਦੀਆਂ ਭਾਈਵਾਲੀਆਂ ਦੀ ਭਾਲ ਕਰਨਾ ਜਾਰੀ ਰੱਖੇਗਾ ਜੋ ਅਨੁਕੂਲ ਉਪਕਰਣਾਂ ਤੱਕ ਪਹੁੰਚ ਨੂੰ ਆਸਾਨ ਬਣਾ ਕੇ ਵਧੇਰੇ ਲੋਕਾਂ ਨੂੰ ਪਾਰਕਾਂ ਵਿੱਚ ਮਨਪਰਚਾਵਾ ਕਰਨ ਦੇ ਲਾਭਾਂ ਦਾ ਅਨੰਦ ਮਾਣਨ ਦੇ ਯੋਗ ਬਣਾਉਂਦਾ ਹੈ। ਬੀ.ਸੀ. ਪਾਰਕਸ ਅਨੁਕੂਲ ਮਨੋਰੰਜਨ ਭਾਈਵਾਲੀਆਂ ਅਤੇ ਪ੍ਰੋਗਰਾਮਾਂ (BC Parks Licence Plate Program) ਦਾ ਸਮਰਥਨ ਕਰਨ ਲਈ ਬੀ.ਸੀ. ਪਾਰਕਸ ਲਾਈਸੈਂਸ ਪਲੇਟ ਪ੍ਰੋਗਰਾਮ ਤੋਂ ਫੰਡਾਂ ਦਾ ਨਿਵੇਸ਼ ਕਰਨਾ ਜਾਰੀ ਰੱਖੇਗਾ।

### ਆਵਾਜਾਈ ਸੰਬੰਧੀ ਭਾਈਵਾਲੀਆਂ

ਜ਼ਿਆਦਾਤਰ ਪਾਰਕਾਂ ਵਿੱਚ ਜਨਤਕ ਆਵਾਜਾਈ ਵੱਲੋਂ ਸੇਵਾ ਨਹੀਂ ਦਿੱਤੀ ਜਾਂਦੀ ਹੈ, ਅਤੇ ਪਾਰਕਾਂ ਵਿੱਚ ਜਾਣ ਲਈ ਆਵਾਜਾਈ ਨੂੰ ਅਕਸਰ ਭਾਗੀਦਾਰੀ ਵਿੱਚ ਰੁਕਾਵਟ ਵਜੋਂ ਦਰਸਾਇਆ ਜਾਂਦਾ ਹੈ। ਬੀ.ਸੀ. ਪਾਰਕਸ ਪਾਰਕਾਂ ਲਈ ਜਨਤਕ ਆਵਾਜਾਈ ਮੁਹੱਈਆ ਕਰਨ ਲਈ ਭਾਈਵਾਲਾਂ ਅਤੇ ਹੋਰ ਅਧਿਕਾਰ ਖੇਤਰਾਂ ਨਾਲ ਸਰਗਰਮੀ ਨਾਲ ਜੁੜ ਰਿਹਾ ਹੈ। ਇਸ ਵਿੱਚ ਸਟਾਵਾਮਸ ਚੀਫ਼ ਅਤੇ ਸ਼ੈਨਨ ਫਾਲਸ ਪਾਰਕ ਤੱਕ ਪਹੁੰਚ ਦੇ ਆਲੇ-ਦੁਆਲੇ ਸਕੁਆਮਿਸ਼ ਡਿਸਟ੍ਰਿਕਟ ਦੇ ਨਾਲ ਭਾਈਵਾਲੀ ਅਤੇ ਪਾਰਕ ਵਿੱਚ ਭਵਿੱਖ ਵਿੱਚ ਆਵਾਜਾਈ ਦੀ ਨੀਂਹ ਰੱਖਣ ਲਈ ਇੱਕ ਟ੍ਰੈਫਿਕ ਸਰਕਲ ਅਤੇ ਬੱਸ ਸਟਾਪ ਬਣਾ ਕੇ ਐਲਿਸ ਲੇਕ ਪਾਰਕ ਤੱਕ ਬੱਸ ਪਹੁੰਚ ਦਾ ਸਮਰਥਨ ਕਰਨਾ ਸ਼ਾਮਲ ਹੈ।

ਇਸ ਕਿਸਮ ਦੇ ਬੁਨਿਆਦੀ ਢਾਂਚੇ ਦੇ ਅੱਪਗ੍ਰੇਡਾਂ ਤੋਂ ਇਲਾਵਾ, ਬੀ.ਸੀ. ਪਾਰਕਸ ਭਾਈਵਾਲੀਆਂ ਦਾ ਸਮਰਥਨ ਕਰਨਾ ਅਤੇ ਪਹੁੰਚਯੋਗ ਆਵਾਜਾਈ ਲਈ ਨਵੀਆਂ ਮੰਜ਼ਿਲਾਂ ਦੀ ਖੋਜ ਕਰਨਾ ਜਾਰੀ ਰੱਖੇਗਾ। ਅਸੀਂ ਪਾਰਕਬਸ 'ਤੇ ਸਾਡੇ ਗੈਰ-ਮੁਨਾਫ਼ਾ ਭਾਈਵਾਲਾਂ ਨਾਲ ਨਿਯਮਿਤ ਤੌਰ 'ਤੇ ਕੰਮ ਕਰਦੇ ਹਾਂ ਜੋ ਲੋਅਰ ਮੇਨਲੈਂਡ, ਫ੍ਰੇਜ਼ਰ ਵੈਲੀ, ਅਤੇ ਸੀ ਟੂ ਸਕਾਈ ਕੋਰੀਡੋਰ ਦੇ ਨਾਲ-ਨਾਲ ਸੂਬਾਈ ਪਾਰਕਾਂ ਲਈ ਘੱਟ ਲਾਗਤ ਵਾਲੀ ਬੱਸ ਆਵਾਜਾਈ ਮੁਹੱਈਆ ਕਰਦੇ ਹਨ। ਬੀ.ਸੀ. ਪਾਰਕਸ ਆਵਾਜਾਈ ਦੇ ਅਜਿਹੇ ਮੌਕਿਆਂ ਦੀ ਪੇਸ਼ਕਸ਼ ਕਰਨ ਲਈ ਸਹਿਯੋਗੀ ਤਰੀਕਿਆਂ ਦੀ ਖੋਜ ਕਰਨਾ ਜਾਰੀ ਰੱਖੇਗਾ ਜੋ ਲੋਕਾਂ ਨੂੰ ਪਾਰਕਾਂ ਵਿੱਚ ਆਉਣ ਅਤੇ ਜਾਣ ਵਿੱਚ ਮਦਦ ਕਰਦੇ ਹਨ।

## *ਬੀ.ਸੀ. ਪਾਰਕਸ ਵਿੱਚ ਜਾਣ ਲਈ ਵਿੱਤੀ ਸਹਾਇਤਾ*

ਸੰਮਿਲਨ ਦਾ ਮਤਲਬ ਉਨ੍ਹਾਂ ਵਿੱਤੀ ਰੁਕਾਵਟਾਂ ਨੂੰ ਦੂਰ ਕਰਨਾ ਵੀ ਹੈ ਜੋ ਕੁਝ ਲੋਕਾਂ ਨੂੰ ਪਾਰਕਾਂ ਅਤੇ ਮਨੋਰੰਜਨ ਦੇ ਲਾਭਾਂ ਦਾ ਅਨੰਦ ਮਾਣਨ ਦੇ ਮੌਕੇ ਤੋਂ ਵਾਂਝੇ ਰੱਖ ਸਕਦੀਆਂ ਹਨ। 50 ਸਾਲਾਂ ਤੋਂ ਵੱਧ ਸਮੇਂ ਤੋਂ, ਬੀ.ਸੀ. ਪਾਰਕਸ ਨੇ ਆਮਦਨ ਸਹਾਇਤਾ ਲੈ ਰਹੇ ਅਸਮਰਥਤਾ ਵਾਲੇ ਵਿਜ਼ਿਟਰਾਂ ਲਈ ਮੁਫ਼ਤ ਕੈਂਪਿੰਗ ਦੀ ਪੇਸ਼ਕਸ਼ ਕੀਤੀ ਹੈ। ਹਾਲ ਹੀ ਦੇ ਸਾਲਾਂ ਵਿੱਚ, 23,000 ਤੋਂ ਵੱਧ ਪਾਰਕ ਸੈਲਾਨੀਆਂ ਨੇ ਸੋਸ਼ਲ ਸਰਵਿਸਿਜ਼ ਕੈਂਪਿੰਗ ਫ਼ੀਸ ਛੋਟ (SSCFE) ਤੋਂ ਸਾਲਾਨਾ ਲਾਭ ਪ੍ਰਾਪਤ ਕੀਤਾ ਹੈ - ਪਿਛਲੇ 10 ਸਾਲਾਂ ਵਿੱਚ ਲਗਭਗ ਦੋ ਗੁਣਾ ਵਾਧਾ।

ਜਿਵੇਂ ਕਿ ਬੀ.ਸੀ. ਪਾਰਕਸ SSCFE ਪ੍ਰੋਗਰਾਮ ਦੇ ਅਗਲੇ ਦਹਾਕੇ ਦੀ ਸ਼ੁਰੂਆਤ ਕਰ ਰਿਹਾ ਹੈ, ਅਸੀਂ ਜਿੱਥੇ ਵੀ ਸੰਭਵ ਹੋਵੇ ਵਿੱਤੀ ਰੁਕਾਵਟਾਂ ਨੂੰ ਤੋੜਨਾ ਅਤੇ SSCFE ਪ੍ਰੋਗਰਾਮ ਦੇ ਡਿਜ਼ਾਈਨ ਨੂੰ ਬਿਹਤਰ ਬਣਾਉਣ ਦੇ ਤਰੀਕੇ ਲੱਭਣਾ ਜਾਰੀ ਰੱਖਾਂਗੇ। ਬੀ.ਸੀ. ਪਾਰਕਸ ਪ੍ਰੋਗਰਾਮ ਦੀ ਸਮੀਖਿਆ ਕਰ ਰਿਹਾ ਹੈ, ਜਿਸ ਨਾਲ ਇਸਦੀ ਡਿਲੀਵਰੀ ਨੂੰ ਅਨੁਕੂਲ

ਬਣਾਇਆ ਜਾ ਸਕੇ ਅਤੇ ਮਹੱਤਵਪੂਰਨ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰਨ ਵਾਲੇ ਅਸਮਰਥ ਸੈਲਾਨੀਆਂ ਲਈ ਬੀ.ਸੀ. ਪਾਰਕਸ ਵਿੱਚ ਕੁਦਰਤ ਅਤੇ ਬਾਹਰੀ ਥਾਵਾਂ ਤੱਕ ਪਹੁੰਚ ਵਿੱਚ ਹੋਰ ਸੁਧਾਰ ਕੀਤਾ ਜਾ ਸਕੇ।

## ਕਾਰਵਾਈ ਵਿੱਚ ਸੰਮਿਲਨ

### ਪਹੁੰਚਯੋਗ ਡਿਜ਼ਾਈਨ

ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਪਹੁੰਚਯੋਗ ਵਿਸ਼ੇਸ਼ਤਾਵਾਂ ਵਾਲੇ ਖੇਡ ਮੈਦਾਨਾਂ ਵਿੱਚ ਵਿਸਕਰਸ ਪੁਆਇੰਟ ਪਹੁੰਚਯੋਗ ਖੇਡ ਦਾ ਮੈਦਾਨ ਸਭ ਤੋਂ ਨਵਾਂ ਜੋੜ ਹੈ। ਓਮੀਨੇਕਾ ਪੀਸ ਖੇਤਰ ਵਿੱਚ ਇਹ ਆਪਣੀ ਕਿਸਮ ਦਾ ਪੰਜਵਾਂ ਖੇਡ ਮੈਦਾਨ ਹੈ।

### ਫਰੰਟ ਲੋਡਿੰਗ ਸੰਬੰਧੀ ਜਾਣਕਾਰੀ

ਬੀ.ਸੀ. ਪਾਰਕਸ ਨੇ ਕੈਨਕਸ ਔਟਿਜ਼ਮ ਨੈੱਟਵਰਕ ਨਾਲ ਮਿਲ ਕੇ ਇੱਕ ਵੀਡੀਓ ਬਣਾਉਣ ਲਈ ਕੰਮ ਕੀਤਾ ਹੈ ਜੋ ਕੈਂਪਿੰਗ ਦੀ ਪ੍ਰਕਿਰਿਆ ਦੀ ਵਿਆਖਿਆ ਕਰਦਾ ਹੈ। ਵੀਡੀਓ ਵਿੱਚ ਸਹੀ ਕੈਂਪਗ੍ਰਾਊਂਡ ਲੱਭਣਾ, ਇੱਕ ਕੈਂਪ ਸਾਈਟ ਬੁੱਕ ਕਰਨਾ ਅਤੇ ਸਭ ਤੋਂ ਵਧੀਆ ਅਨੁਭਵ ਪ੍ਰਾਪਤ ਕਰਨ ਲਈ ਕੀ ਪੈਕ ਕਰਨਾ ਹੈ ਨੂੰ ਸ਼ਾਮਲ ਕੀਤਾ ਗਿਆ ਹੈ।

### ਅਨੁਕੂਲ ਉਪਕਰਣ ਭਾਈਵਾਲੀਆਂ

ਬੀ.ਸੀ. ਪਾਰਕਸ ਬੀ.ਸੀ. ਦੇ ਸੂਬਾਈ ਪਾਰਕਾਂ ਵਿੱਚ ਵਰਤੋਂ ਲਈ ਅਨੁਕੂਲ ਮਨੋਰੰਜਨ ਉਪਕਰਨਾਂ ਦੀ ਖਰੀਦ ਅਤੇ ਰੱਖ-ਰਖਾਅ ਲਈ ਕਮਿਊਨਿਟੀ ਸੰਸਥਾਵਾਂ ਨੂੰ ਫੰਡ ਮੁਹੱਈਆ ਕਰਦਾ ਹੈ। ਪਿਛਲੇ ਕਈ ਸਾਲਾਂ ਵਿੱਚ, ਇਸ ਵਿੱਚ ਸ਼ਾਮਲ ਰਿਹਾ ਹੈ:

- ਓਮੀਨੇਕਾ ਖੇਤਰ ਵਿੱਚ ਪਾਰਕਾਂ ਵਿੱਚ ਵਰਤਣ ਲਈ ਇੱਕ ਟ੍ਰੇਲ ਰਾਈਡਰ; ਕੈਲੇਡੋਨੀਆ ਰੈਂਬਲਰਜ਼ ਨਾਲ ਭਾਈਵਾਲੀ ਵਿੱਚ।
- ਓਕਾਨਾਗਨ ਵਿੱਚ ਪਾਰਕਾਂ ਵਿੱਚ ਵਰਤਣ ਲਈ ਇੱਕ ਅਨੁਕੂਲ ਟੈਂਡਮ ਕਯਾਕ; ਐਕਸੈਸ ਰੈਵੋਲਿਊਸ਼ਨ, ਇੰਡੀਪੈਂਡੈਂਟ ਲਿਵਿੰਗ, ਅਤੇ ਵਰਨਨ ਪੈਡਲਿੰਗ ਕਲੱਬ ਦੇ ਨਾਲ ਭਾਈਵਾਲੀ ਵਿੱਚ।
- ਕੂਟੇਨੇਜ਼ ਵਿੱਚ ਪਾਰਕਾਂ ਵਿੱਚ ਵਰਤਣ ਲਈ ਇੱਕ ਅਨੁਕੂਲ ਪਹਾੜੀ ਸਾਈਕਲ; ਕੂਟੇਨੇ ਅਡੈਪਟਿਵ ਸਪੋਰਟ ਐਸੋਸੀਏਸ਼ਨ ਨਾਲ ਭਾਈਵਾਲੀ ਵਿੱਚ।
- ਓਕਾਨਾਗਨ ਵਿੱਚ ਪਾਰਕਾਂ ਵਿੱਚ ਵਰਤਣ ਲਈ ਇੱਕ ਅਨੁਕੂਲ ਹੈਂਡਸਾਈਕਲ; ਕਮਿਊਨਿਟੀ ਰੀਕ੍ਰਿਏਸ਼ਨਲ ਇਨੀਸ਼ੀਏਟਿਵਜ਼ ਸੋਸਾਇਟੀ ਨਾਲ ਭਾਈਵਾਲੀ ਵਿੱਚ।

# ਕਹਾਣੀ ਸੁਣਾਉਣ ਰਾਹੀਂ ਸਾਡੀ ਪ੍ਰਗਤੀ ਨੂੰ ਸਾਂਝਾ ਕਰਨਾ

ਜਦੋਂ ਕਿ ਅਸੀਂ ਸਾਡੀ ਸੰਮਿਲਨ ਦੀ ਵਚਨਬੱਧਤਾ ਨੂੰ ਪੂਰਾ ਕਰਨ ਲਈ ਪਹਿਲਾਂ ਹੀ ਠੋਸ ਕਾਰਵਾਈ ਕਰ ਰਹੇ ਹਾਂ, ਅਸੀਂ ਸਵੀਕਾਰ ਕਰਦੇ ਹਾਂ ਕਿ ਇਹ ਕੰਮ ਪ੍ਰਣਾਲੀਗਤ ਅਤੇ ਲੰਬੇ ਸਮੇਂ ਲਈ ਹੈ। ਇਸ ਯੋਜਨਾ ਵਿੱਚ ਦਰਸਾਈ ਦੂਰ-ਦ੍ਰਿਸ਼ਟੀ ਨੂੰ ਲਾਗੂ ਕਰਨ ਦੇ ਸਾਰੇ ਪੜਾਵਾਂ ਦੌਰਾਨ, ਅਸੀਂ ਸਾਡੀ ਤਰੱਕੀ ਅਤੇ ਚੁਣੌਤੀਆਂ ਨੂੰ ਜਨਤਾ ਨਾਲ ਸਾਂਝਾ ਕਰਨ ਲਈ ਵਚਨਬੱਧ ਹਾਂ। ਅਸੀਂ ਡਿਜ਼ੀਟਲ ਕਹਾਣੀ ਸੁਣਾਉਣ ਦੀ ਵਰਤੋਂ ਉਸ ਕੰਮ ਨੂੰ ਉਜਾਗਰ ਕਰਨ ਜੋ ਅਸੀਂ ਆਪਣੇ ਭਾਈਵਾਲਾਂ ਦੇ ਨਾਲ ਕਰ ਰਹੇ ਹਾਂ, ਅਤੇ ਰਸਤੇ ਵਿੱਚ ਸਾਡੀਆਂ ਸਮੂਹਿਕ ਸਫਲਤਾਵਾਂ ਦਾ ਜਸ਼ਨ ਮਨਾਉਣ ਲਈ ਕਰਾਂਗੇ।

# ਸਾਰਾਂਸ਼

ਜਿਵੇਂ-ਜਿਵੇਂ ਬੀ.ਸੀ. ਪਾਰਕਸ ਸਾਡੀ ਸੰਮਿਲਨ ਦੀ ਵਚਨਬੱਧਤਾ ਨੂੰ ਪੂਰਾ ਕਰਦਾ ਹੈ, ਅਸੀਂ ਆਪਣੀ ਦੂਰ-ਦ੍ਰਿਸ਼ਟੀ ਨੂੰ ਸਾਕਾਰ ਕਰਨ ਲਈ ਭਾਈਚਾਰਕ ਸੰਸਥਾਵਾਂ ਨਾਲ ਕੰਮ ਕਰਨਾ ਜਾਰੀ ਰੱਖਣ ਦੀ ਉਮੀਦ ਕਰਦੇ ਹਾਂ।
ਜੇ ਤੁਸੀਂ ਕਿਸੇ ਭਾਈਚਾਰਕ ਸੰਸਥਾ ਦੇ ਮੈਂਬਰ ਹੋ ਅਤੇ *ਬੀ.ਸੀ. ਪਾਰਕਸ ਦੀ ਸੰਮਿਲਨ ਲਈ ਵਚਨਬੱਧਤਾ*ਦਾ ਹਿੱਸਾ ਬਣਨ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਇੱਥੇ ਸੰਪਰਕ ਕਰੋ: parkinfo@gov.bc.ca.

ਬੀ,ਸੀ. ਦੇ ਸੂਬਾਈ ਪਾਰਕ ਸਤਿਕਾਰਯੋਗ ਸਥਾਨ ਹਨ ਜਿੱਥੇ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿਣ ਵਾਲੇ ਅਤੇ ਆਉਣ ਵਾਲੇ ਲੋਕ ਕੁਦਰਤ ਦੀ ਸੁੰਦਰਤਾ ਨਾਲ ਜੁੜ ਸਕਦੇ ਹਨ। ਭਾਈਚਾਰਿਆਂ ਨਾਲ ਸਹਿਯੋਗ, ਭਾਈਵਾਲਾਂ ਤੋਂ ਖੁੱਲ੍ਹੇ ਦਿਲ ਨਾਲ ਸਮਰਥਨ, ਅਤੇ ਸੰਗਠਨ ਦੇ ਸਾਰੇ ਪੱਧਰਾਂ 'ਤੇ ਵਚਨਬੱਧ ਲੀਡਰਸ਼ਿਪ ਦੁਆਰਾ, ਅਸੀਂ ਬੀ.ਸੀ. ਦੇ ਸੂਬਾਈ ਪਾਰਕਾਂ ਨੂੰ ਸਾਰਿਆਂ ਲਈ ਸਵਾਗਤਯੋਗ ਅਤੇ ਅਰਥਪੂਰਨ ਪਹੁੰਚਯੋਗ ਬਣਾਉਣ ਲਈ ਠੋਸ ਕਾਰਵਾਈ ਕਰ ਰਹੇ ਹਾਂ।